ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਸਜੂਨੀ

ਨਵੰਬਰ-ਦਸੰਬਰ 1973 ਗੁਰੂ ਨਾਨਕ ਅੰਕ



ਬਾਬਾ ਸਾਹਿਬ ਸਿੰਘ ਜੀ
ਪਿਉ ਗੱਦੀ ਦੀ ਆਰੰਭਤਾ
ਪਿਓ ਦਾਦੇ ਜੇਵੇਹਾ ਪੋਤ੍ਰਾ ਪਰਵਾਣ ।



ਪੋਤ੍ਰਾ ਗੱਦੀ ਨਸ਼ੀਨ
ਬਾਬਾ ਮਧੁਸੂਦਨ ਸਿੰਘ ਜੀ

## ਗੁਰੂ ਨਾਨਕ

ਦਾਦਾ-ਪ੍ਰਾਵਕਿ ਆਰੰਭਤਾ



ਧੰਨ ਧੰਨ ਗੁਰੂ ਨਾਨਕ ਪਾਤਿਸ਼ਾਹ

ਪੀਉ ਦਾਦੇ ਜੇਵੇਹਿਆ ਪੋਤ੍ਰਾ ਪਰਵਾਣ

ਸਤਿਗੁਰ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਮਹਾਰਾਜ
ਦੇ ਆਗਮਨ ਦੀ

## ਲਖ ਲਖ ਵਧਾਈ ਹੋਵੇ

ਸਾਧ ਸੰਗਤ ਦਾ ਦਾਸ, ਸਤਿਗੁਰੂ ਸਚੇ ਪਾਤਸ਼ਾਹ ਦਾ

ਸੇਵਕ–ਬਾਬਾ ਮਧੁਸੂਦਨ ਸਿੰਘ ਬੇਦੀ

# ਲੇਖ ਸੂਚੀ


| | | |
|---|---|---|
| ਮਘਰ ਮਹੀਨਾ | ਗੁਰੂ ਅਰਜਨ ਦੇਵ ਜੀ | 1 |
| ਸੰਪਾਦਕੀ | ਬਾਬਾ ਮਧੁਸੂਦਨ ਸਿੰਘ ਜੀ | 2 |
| ਕਰਨੀ ਨਾਮਾ | ਸ੍ਰੀ ਮੁਖਵਾਕ ਦਾ ਅਨਵਾਦ | 6 |
| ਚੜ੍ਹਿਆ ਨਾਨਕ ਪਾਤਿਸ਼ਾਹ (ਅਨੁਵਾਦ) | ਸ. ਹਰਸਾ ਸਿੰਘ ਚਾਤਰ | 8 |
| ਟੀਕਾ ਆਨੰਦ ਸਾਹਿਬ | ...... | 14 |
| ਨਾਮ ਦੀ ਭੁਖ | ਜਨਮ ਸਾਖੀ ਬਾਬਾ ਮੇਹਰਵਾਨ ਜੀ | 18 |
| ਬਾਬਾ ਸਾਹਿਬ ਸਿੰਘ ਜੀ ਬੇਦੀ | (ਹਿੰਦ ਸਮਾਚਾਰ) | 25 |
| ਖਾਲਸਾ ਧਰਮ ਸ਼ਾਸਤਰ | ਪੁਰਾਤਨ ਵਿਰਸਾ | 28 |
| ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ | ਪੁਰਾਤਨ ਵਿਰਸਾ | 34 |
| Nanac Shah | Lt. Col. Sir John Malcolm | 41 |
| ਸੰਪ੍ਰਦਾਇਕ ਸਮਾਚਾਰ | ਐਡੀਟਰ | 49 |



ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ, ਕਚਿਹਰੀ ਰੋਡ, ਲੁਧਿਆਣਾ ਤੋਂ ਛਪਵਾ ਕੇ, ਦਫਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ।

ੴ
ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ

# ਮਾਸਕ ਪੱਤਰ ਅਜੂਨੀ ਮਨਸੂਰਾਂ (ਲੁਧਿਆਣਾ)

ਸਾਲ ੫ | ਨਵੰਬਰ–ਦਸੰਬਰ ੧੯੭੩ | ਅੰਕ ੩-੪

੧ ਮੱਘਰ, ਸੰਮਤ ਬਿਕ੍ਰਮੀ ੨੦੩੦, ਨਾਨਕਸ਼ਾਹੀ ੫੦੪

ਮੰਘਿਰ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥

# ਸੰਪਾਦਕੀ

ਵਲੋਂ : ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗਦੀ ਨਸ਼ੀਨ

ਕਰਤੂਤ ਪਸੂ ਕੀ ਮਾਨਸ ਜਾਤ ॥

ਧਰਮ ਤੋਂ ਅਧੂਰੀ ਦੁਨੀਆਂ ਨੂੰ, ਜਿਨ੍ਹਾਂ ਨੂੰ ਧਰਮ ਦੀ ਲਗਨ ਹੈ, ਪਿਆਸ ਲਗੀ ਹੋਈ ਹੈ, ਨਾਮ ਰੂਪੀ ਅਨਮੁਲੀ ਦਾਤ ਦੇ ਲੋਚਵਾਨ ਹਨ; ਨਾ ਮਿਲਨ ਤੇ ਬੜੇ ਮਾਨ ਨਾਲ ਆਖਦੇ ਹਨ— ਧਰਮ ਪਾਖੰਡ ਹੈ ਤੇ ਕੇਵਲ ਮਾਇਆ ਬਟੋਰਨ ਦਾ ਸਾਧਨ, ਕੁਝ ਪਾਪੀਆਂ, ਪਾਖੰਡੀਆਂ, ਦੰਭੀਆਂ ਸਾਧਾਂ, ਸੰਤਾਂ, ਮਹੰਤਾਂ, ਬੇਦੀਆਂ, ਸੋਢੀਆਂ ਬਣਾ ਰਖਿਆ ਹੈ, ਕੀ ਇਹ ਸੱਚ ਹੈ ? ਬੜਾ ਵਡਾ ਸੁਆਲ ਪੈਦਾ ਹੁੰਦਾ ਹੈ। ਧਰਮ ਨੂੰ ਸੱਚ ਜਾਨਣ ਵਾਲੇ ਧਿਆਨ ਦੇਣ, ਐਸੀ ਕੂਤੂਤ ਵਾਲਿਆਂ ਵਲ। ਧਰਮ ਵਿਚੋਂ ਪ੍ਰਾਪਤੀਆਂ ਹਨ, ਸੰਤੋਖ ਦੀ, ਸਤਿਆ ਦੀ, ਮੁਕਤੀ ਦੀ, ਤੇ ਜਨਮ ਜਨਮਾਨਤਰਾਂ ਦੇ ਰੋਗ ਬਖਸ਼ੇ ਜਾਣੇ। ਇਸ ਕਲਪਦੀ ਭਟਕਦੀ ਦੁਨੀਆ ਨੂੰ ਸੰਤੋਖ ਦੀ ਅਵਸ਼ ਲੋੜ ਹੈ, ਹੋਰ ਗੱਲਾਂ ਤੇ ਵਿਸ਼ਵਾਸ ਨਾਲ ਹੀ ਪੈਦਾ ਹੋਣ ਗੀਆਂ। ਸੰਤੋਖ ਬਿਨਾ ਤਾਂ ਬੰਦਾ ਕਿਸੇ ਕਰਤੂਤ ਵਾਲਾ ਨਹੀਂ, ਇਸ ਦੀ ਪ੍ਰਾਪਤੀ ਸਚੇ ਧਰਮ ਵਿਚ ਹੀ ਹੈ ਨਾ ਕਿ ਪਾਖੰਡ ਵਿਚ

"ਸਚ ਬਿਨ ਸਤ ਸੰਤੋਖ ਨਾ ਪਾਵੈ"

ਝੂਠ ਤੇ ਝੂਠਿਆਂ ਦੀ ਸੰਗਤ ਨਾਲ ਜਿਨ੍ਹਾ ਪੈਸੇ ਨੂੰ ਹੀ ਕੇਵਲ ਮੁਖ ਬਣਾ ਰਖਿਆ ਹੈ, ਸੰਤੋਖ ਕਿਥੇ ਇਹਨਾਂ ਦੀ ਕਰਤੂਤ ਪਸ਼ੂ ਦੀ ਮਨੁਖਾ ਜਾਮੇ ਵਿਚ ਹੈ, ਤੇ ਮਾਇਆ ਦੇ ਜਾਲ ਫੈਲਾ, ਜਗ ਨੂੰ ਫ ਲੈਂਦੇ ਹਨ ਤੇ ਇਹਨਾਂ ਮਨੁਖਾਂ ਦੀਆਂ ਖੁਸ਼ੀਆਂ ਨੂੰ ਖਾ ਜਾਂਦੇ ਹਨ।

ਸੱਚਾ ਧਰਮ ਤੇ ਸੱਚ ਦਾ ਪ੍ਰਕਾਸ਼ ਕਰਨ ਵਾਲਾ ਸੱਚ ਦੀ ਆਵਾਜ਼ ਲਗਾਉਣ ਵਾਲਾ

ਆਦਿ ਸਚੁ ਜੁਗਾਦਿ ਸਚ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ

ਕੇਵਲ ਇਕ ਗੁਰੂ ਨਾਨਕ ਪਾਤਸ਼ਾਹ ਹਨ ਜੋ ਨਾ ਪ੍ਰਵਾਹ ਕਰਦੇ ਹਨ ਰਾਜੇ ਦੀ, ਨਾ ਰੰਕ ਦੀ, ਧਨਵਾਨ ਦੀ, ਨਾ ਅਨਾਥ ਤੇ ਗਰੀਬ ਦੀ ਤੇ ਇਕ ਏਕੇ ਵਾਲਾ ਪ੍ਰਚਾਰ ਉਪਦੇਸ਼ ਦਿਤੀ ਜਾਂਦੇ ਹ ਜੋ ਨਾ ਕਦੇ ਵਧਦਾ ਹੈ ਨਾ ਘਟਦਾ ਹੈ, ਚੋਰ ਆ ਗਿਆ ਤਾਂ ਵੀ ਇਕ ਹੀ ਆਖਿਆ। ਠੱਗ ਗਿਆ, ਵਲੀ ਕੰਧਾਰੀ ਵਰਗਾ ਪਾਪੀ ਆ ਗਿਆ ਤੇ ਚਾਹੇ ਲਾਲੋ ਤਰਖਾਣ ਵਰਗਾ ਆ ਜਾਵੇ ਇਕੋ ਆਖਣਾ

ਕਹੋ— ਸਤਿ ਕਰਤਾਰ

ਤੇ ਉਸ ਨਾਲ ਜੋੜ ਅਗੇ ਲੰਘ ਜਾਣਾ । ਜੇ ਬਹਲੋਲ ਪੀਰਾਂ ਦਾ ਪੀਰ ਆ ਗਿਆ ਤਾਂ ਉਹ ਵੀ ਸੱਚ ਦੇ ਤੀਰ ਤੋਂ ਨਾ ਬਚਿਆ, ਹੰਕਾਰੀ ਸੀ ਰੱਬ ਨਾਲ ਮੁਲਾਕਾਤ ਹੈ, ਇਕੋ ਗੱਲ ਆਖੀ ਰੱਬ ਪਾਸੋਂ ਪਾ ਗਰੀਬੀ ਮੰਗ ਲਈ, ਜਿਤ ਲਿਆ, ਮਨ ਨੀਵਾਂ ਹੋ ਗਿਆ, ਤੇ ਸਾਰਾ ਹੰਕਾਰ ਦੂਰ ਹੋ ਗਿਆ । ਜਿਸ ਬਾਬੇ ਦੀਆਂ ਇਤਨੀਆਂ ਵਡਿਆਈਆਂ ਹਨ

'ਸਭ ਤੇ ਵਡਾ ਸਤਿਗੁਰੂ ਨਾਨਕ'

ਆਖਦਾ ਹੈ

'ਨਾਨਕ ਨੀਚ'—<br>
'ਨਾਨਕ ਗਰੀਬ'—<br>
'ਨਾਨਕ ਦਾਸ'—

ਇਥੇ ਹੀ ਬਸ ਨਹੀਂ

'ਨਾਨਕ ਸਗ'—

ਓਸ ਦੀ ਦਰਗਾਹ ਦਾ ਕੁਤਾ

'ਹਉ ਕੂਕਰ ਤੇਰੇ ਦਰਬਾਰ<br>
ਭੌਕਉਂ ਆਗੈ ਬਦਨ ਪਸਾਰ'—

ਤੇ ਇਹ ਸਤਿਗੁਰੂ ਹਨ

'ਦਰਸ਼ਨ ਦੇਖ ਜੀਵਾ ਗੁਰ ਤੇਰਾ'

ਤੇ ਦੇਖਦਿਆਂ ਹੀ

'ਪੂਰਨ ਕਰਮ ਹੋਵੈ ਪ੍ਰਭ ਮੇਰਾ'

ਤੇ ਪਾਤਸ਼ਾਹ ਮੰਗਦੇ ਹਨ

'ਤੇਰੇ ਭਾਨੇ ਸ੍ਰਬਤ ਦਾ ਭਲਾ'

ਚਾਹੇ ਪਥਰ ਮਾਰਨ ਵਾਲੇ ਹੋਣ, ਚਾਹੇ ਟੰਗੋਂ ਪਕੜ ਘਸੀਟਣ, ਚਾਹੇ ਦੋ ਪੈਸੇ ਤੋਂ ਨਿਲਾਮ ਕਰ ਦੇਣ, ਚਾਹੇ ਵਲੀ ਕੰਧਾਰੀ ਵਰਗੇ ਪਥਰ ਰੇੜ੍ਹ ਦੇਣ ਜੋ ਹੇਠਾਂ ਆ ਸਤਿਗੁਰੂ ਖਤਮ ਹੋ ਜਾਵੇ, ਪਰ ਫੇਰ ਵੀ ਚਾਹੇ ਹਿੰਦੂ, ਮੁਸਲਮਾਨ, ਇਸਾਈ ਕਿਸੀ ਕੌਮ ਦਾ ਕਿਸੇ ਮੁਲਕ ਦਾ—ਸਰਬਤ ਦਾ ਭਲਾ— ਮੰਗਣ ਵਾਲੇ ਨੂੰ ਅੱਜ ਦੇ ਪਾਪੀ ਜਿਨ੍ਹਾਂ ਦੀ ਕਰਤੂਤ ਪਸ਼ੂ ਦੀ ਹੈ ਆਖਣ

ਕ) ਮੈਂ ਗੁਰੂ ਨਾਨਕ ਹਾਂ<br>
ਖ) ਤੇ ਮੇਰੇ ਸਾਥ ਗੁਰੂ ਨਾਨਕ ਪਾਤਸ਼ਾਹ ਦੇ ਸਨਬੰਧੀ ਹਨ<br>
ਗ) ਤੇ ਗੁਰੂ ਨਾਨਕ ਪੁਰਾਣਾ ਹੋ ਗਿਆ ਛਡ ਦਿਉ ਤੇ

ਮੇਰੇ ਪਾਪੀ ਨਾਲ ਜੁੜ—ਤੇ ਮੈਂ ਸੰਤੋਖ ਜੋ ਧਰਮ ਦੀ ਪ੍ਰਾਪਤੀ ਹੈ, ਦੇਵਾਂ ਗਾ, ਜਾਓ ਸ਼ਰਾਬਾਂ ਪੀਓ, ਬਦਫੈਲੀਆਂ ਕਰੋ, ਕਿਸੇ ਦੀ ਧੀ ਭੈਣ ਦੀ ਇਜ਼ਤ ਨਾ ਕਰੋ, ਕੁਲ ਵਿਸ਼ੇ ਵਿਕਾਰ ਭੋਗੋ, ਗੁਰਦੁਆਰੇ ਮੰਦਰ ਨਾ ਜਾਓ, ਮੈਂ ਆਪ ਦਾ ਜਗਤ ਗੁਰੂ ਹਾਂ ਤੇ ਤਨ,ਮਨ ਤੇ ਧਨ ਸਭ ਮੈਨੂੰ ਸੰਭਾਲ ਦੇਉ । ਇਹ ਸਭ ਕਰਤੂਤ ਪਸ਼ੂ ਦੀ ਹੈ । ਗੁਰੂ ਨਾਨਕ ਪਾਤਸ਼ਾਹ ਇਕ Standard ਹਨ ਨਾ ਓਸ ਤੋਂ ਵਧ ਨਾ

ਘਟ ਕੋਈ ਪਾਤਸ਼ਾਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ--ਬਚੋ ਸਿਖੋ, ਗੁਰੂ ਸਤਿਗੁਰੂ ਸਾਡੇ ਪਾਸ ਗੁਰੂ ਨਾਨਕ ਪਾਤਸ਼ਾਹ ਹਾਜ਼ਰ ਨਾਜ਼ਰ ਹਨ, ਅੱਜ ਵੀ ਮੌਜੂਦ ਹਨ ਤੇ ਆਪ ਦੀ ਆਤਮਕ ਬਚਨ, ਆਤਮਕ ਦਾਤ (ਗਿਆਨ) ਨਿਤ ਮਿਲਦਾ ਹੈ, ਜੋ ਗੁਰੂ ਨਾਨਕ ਪਾਤਸ਼ਾਹ ਦੇ ਬਣ ਜਾਂਦੇ ਹਨ, ਇਹ ਪਾਖੰਡੀ ਦੰਭੀ ਗੁਰੂ ਨਾਨਕ ਜੋ ਲੋਕਾਂ ਨੂੰ ਵਰਗਲਾਣ ਲਈ, ਆਪ ਦੀ ਮਾਇਆ ਬਟੋਰਨ ਲਈ ਬਣ ਬੈਠੇ ਹਨ ਕੇਵਲ ਇਕ ਧੋਖਾ ਹੈ, ਅੱਜ ਜਨਮ ਹੈ ਮੇਰੇ ਸਚੇ ਪਾਤਸ਼ਾਹ ਦਾ ਆਪ ਦੀ ਯਾਦ ਵਿਚ ਜੁੜ ਬੈਠੋ ਤੇ ਸੱਚ ਆਪ ਪਾਸੋਂ ਨਾਮ ਦੀ ਦਾਤ ਪ੍ਰਾਪਤ ਹੋਵੇ ਗੀ, ਜੋ ਹਰੀ ਦਾ ਨਾਮ ਹੈ ਉਸ ਨੂੰ ਜਪਣ ਦਾ ਗੁਰ ਸਿਖਾਂ ਨੂੰ ਹੁਕਮ ਹੈ

'ਇਕੋ ਨਾਮ ਹੁਕਮ ਹੈ'

'ਗੁਰ ਸਤਿਗੁਰ ਕਾ ਜੋ ਸਿਖ ਅਖਾਵੈ
ਸੋ ਭਲਕੇ ਉਠ ਹਰਿ ਨਾਮ ਧਿਆਵੈ'

'ਜਪਉ ਤਾ ਏਕੋ ਨਾਮਾ । ਅਵਰ ਨਿਰਾਫਲ ਕਾਮਾ'

'ਜਪ ਮਨ ਸਤਿ ਨਾਮ ਸਦਾ
ਸਤਿ ਨਾਮ । ਹਲਤ ਪਲਤ ਮੁਖ
ਉਜਲ ਹੋਈ ਹੈ ਨਿਤ ਧਿਆਈਐ
ਹਰ ਪੁਰਖ ਨਰੰਜਨਾ'

'ਕਲੂ ਆਇਓ ਰੇ ਕਲੂ ਆਇਓ
ਇਕ ਨਾਮ ਬੋਵਉ ਬੋਵਉ'

'ਤੇਰਾ ਏਕ ਨਾਮ ਤਾਰੇ ਸੰਸਾਰ'

ਇਹ ਅਨਮੁਲੀ ਦਾਤ ਗੁਰੂ ਨਾਨਕ ਪਾਤਸ਼ਾਹ ਪਾਸ ਹੀ ਹੈ ਜਿਨ੍ਹਾਂ ਦੀ ਮੁਲਾਕਾਤ ਹਰੀ ਪ੍ਰਮੇਸ਼ਵਰ ਨਾਲ ਸੀ । ਜੋ ਆਪ ਆਪਣੇ ਸਰੀਰ ਨੂੰ ਬੇਈਂ ਨਦੀ ਦੇ ਸਪੁਰਦ ਕਰਕੇ ਹਰੀ ਪਾਸੋਂ ਕਲਜੁਗੀ ਬੰਦਿਆਂ ਲਈ ਹਰੀ ਨਾਮ ਦੀ ਦਾਤ ਲੈ ਆਏ । ਅੱਜ ਕਲ ਦੇ ਦੰਭੀ ਤੇ ਪਾਖੰਡੀ ਗੁਰੂ ਨਾਨਕਾਂ ਪਾਸੋਂ ਤਾਂ ਗੁਰ ਸਿਖ ਝਲੇ ਨਹੀਂ ਜਾਂਦੇ । ਲੁਧਿਆਣੇ ਵਿਖੇ ਜਦ ਗੁਰੂ ਸੰਗਤਾਂ ਇਹਨਾਂ ਪਾਪੀਆਂ ਦੇ ਗੁਰਦੁਆਰੇ ਵਿਚ ਗਈਆਂ ਤਾਂ ਆਪ ਤੇ ਪਥਰਾਓ ਕੀਤਾ ਤੇ ਪੁਲਸ ਪਾਸੋਂ ਡਾਂਗਾਂ ਮਰਵਾਈਆਂ, ਪਕੜੇ ਗਏ, ਹਸਪਤਾਲਾਂ ਤੇ ਜੇਲ੍ਹ ਯਾਤਰਾ ਕੀਤੀ--ਗੁਰੂ ਨਾਨਕ ਹੁੰਦੇ ਤੇ ਕਦੇ ਐਸੀ ਕਰਤੂਤ ਨਾ ਕਰਦੇ ਨਾ ਕਰਵਾਂਦੇ । ਸਮਾਂ ਸਿਖ ਰਾਜ ਦਾ ਯਾਦ ਕਰੋ, ਸੰਤ ਭਾਈ ਵੀਰ ਸਿੰਘ ਜੀ ਨੌਰੰਗਾਬਾਦ ਤੇ ਸਿਖ ਫੌਜਾਂ ਚੜ੍ਹਾ ਕੇ ਡੋਗਰਿਆਂ ਘਲੀਆਂ, ਸੰਤਾਂ ਪਾਸ ਫੌਜਾਂ ਮੌਜੂਦ ਸਨ ਜੋ ਮੁਕਾਬਲੇ ਲਈ ਤਿਆਰ ਬਰ ਤਿਆਰ ਪਰ ਆਪ ਨੇ ਆਖਿਆ, ਗੁਰੂ ਖਾਲਸੇ ਚਾਹੇ ਭੁਲੇ ਹੋਏ ਹਨ ਪਰ ਹਨ ਤਾਂ ਗੁਰੂ ਖਾਲਸੇ' ਗੁਰੂ ਕਾ ਲੰਗਰ ਤਿਆਰ ਕਰੋ ਖਾਲਸੇ ਆਉਣ ਗੇ ਤੇ ਪ੍ਰਸ਼ਾਦ ਪਾਨ ਕਰਨ ਗੇ, ਮੇਰਾ ਕਰਮ ਤਾਂ ਸੇਵਾ ਹੈ, ਅੱਜ ਤਕ ਜਿਥੇ ਬਾਬਾ ਸਾਹਿਬ ਸਿੰਘ ਜੀ ਦਾ ਦਮਦਮਾ ਹੈ ਤੇ ਆਪ ਦੀ ਪੂਜਾ ਹੋ ਰਹੀ ਹੈ ਨਾਲ ਪੂਜਾ ਭਾਈ ਵੀਰ ਸਿੰਘ ਜੀ ਦੀ ਹੁੰਦੀ ਹੈ । ਇਹ ਸੰਮਪ੍ਰਦਾਏ (ਅਸਥਾਨ ਸੰਤ ਗਾੜੇ ਵਾਲੇ) ਗੁਰੂ

ਨਾਨਕ ਪਾਤਸ਼ਾਹ ਦੀ ਵਰਸਾਈ ਹੋਈ ਅੱਜ ਵੀ ਫਲ ਫੂਲ ਰਹੀ ਹੈ, ਤੇ ਆਪ ਦੇ ਮੁਕਾਬਲੇ ਵਿਚ ਝੂਠੇ ਗੁਰੂ ਨਾਨਕਾਂ ਦਾ ਨਾਸ਼ ਹੋਣਾ ਅਵਸ਼ ਹੈ, ਸਤਿਗੁਰੂ ਝੂਠ ਨੂੰ ਬਹੁਤੀ ਦੇਰ ਨਹੀਂ ਝਲ ਸਕਦਾ ਹਰਨਾਕਸ਼ ਜਿਸ ਆਪਣਾ ਨਾਮ ਜਪਾਇਆ ਅੰਤ ਰਾਜਾ ਹੁੰਦਿਆ ਨਾਸ਼ ਹੋਇਆ। ਅਕਬਰ ਬਾਦਸ਼ਾਹ ਜਿਸ ਦੀਨੇ ਅਲਾਹੀ ਝੂਠਾ ਧਰਮ ਚਲਾਇਆ ਅੰਤ ਨਾਸ਼ ਹੋਇਆ। ਅੱਜ ਗੁਰੂ ਨਾਨਕ ਪਾਤਸ਼ਾਹ ਦੇ ਜਨਮ ਦਿਨ ਤੋਂ ਤਹੀਆ ਕਰ ਲਓ, ਇਹਨਾਂ ਪਾਸੋਂ ਕਨਾਰਾ ਕਰੋ, ਤੇ ਸਚੇ ਪਾਤਸ਼ਾਹ ਨੂੰ ਅਪਣਾਓ ਤੇ ਸਦਾ ਅਨੰਦ ਮਾਣੋ। ਝੂਠਿਆਂ ਨੂੰ ਛੱਡ ਆਪ ਦੀ ਸੰਤਾਨ ਦੀ ਸੰਗਤ ਕਰੋ, ਫਲਦਾਇਕ ਹੋਵੇਗੀ।

ਗੁਰੂ ਨਾਨਕ ਪਾਤਸ਼ਾਹ ਦੇ ਬੱਚਿਆਂ ਦਾ ਕਰਤਵ ਹੈ ਗੁਰੂ ਨਾਨਕ ਨਾਲ ਜੋੜਨਾ, ਗੁਰੂ ਨਾਨਕ ਪਾਤਸ਼ਾਹ ਦਾ ਇਤਿਹਾਸ ਸੁਨਾਣਾ, ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਸੁਣਾ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਬਨਾਣਾ। ਸਚ ਸਚ ਹੈ, ਝੂਠ ਝੂਠ ਹੀ ਰਹੇਗਾ।

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮ।
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ।

ਸੰਗਤ ਕਰੋ ਜੋ ਗੁਰੂ ਨਾਨਕ ਨਾਲ ਜੋੜੇ, ਕਨਾਰਾ ਕਰੋ ਜੋ ਗੁਰੂ ਨਾਨਕ ਬਣ ਬੈਠੇ ਤੇ ਗੁਰੂ ਨਾਨਕ ਪਾਤਸ਼ਾਹ ਨਾਲੋਂ ਤੋੜੇ।

ਸਤਿਨਾਮ ਸ੍ਰੀ ਵਾਹਿਗੁਰੂ

# ਕਰਨੀ ਨਾਮਾ

(ਮੁਖ ਵਾਕ ਸ੍ਰੀ ਗੁਰੂ ਨਾਨਕ ਦੇਵ ਜੀ)

## ਮੱਕੇ ਵਿਚ ਕਾਜ਼ੀ ਰੁਕਨ ਦੀਨ ਨਾਲ ਹੋਇਆ

ਨਾਨਕ ਆਖੇ ਰੁਕਨਦੀਨ ਸਚਾ ਸੁਣਹੁ ਜਵਾਬ ।
ਪੜੈ ਸੁਣੈ ਜੋ ਪ੍ਰੀਤ ਕਰਿ ਛੂਟੈ ਸਭ ਅਜ਼ਾਬ ।
ਦਸਵਾਂ ਜਾਮਾ ਪਹਿਨ ਕਰ ਬੈਠੂੰ ਪੁਰ ਕਰਤਾਰ ।
ਔਰੰਗਜ਼ੇਬ ਪਾਤਸ਼ਾਹ ਜਿਉਂ ਜੁਧ ਕਰੂੰ ਬਹੁ ਬਾਰ ।
ਟੁਕ ਬਲ ਅਪਨਾ ਦੇਇਕੈ ਭੇਜ ਦਿਆਂਗਾ ਸਿੰਘ ।
ਦੇਖ ਉਨ੍ਹਾਂ ਨੂੰ ਬੋਲਸੀ ਪਾਤਸ਼ਾਹ ਔਰੰਗ ।
ਦੇਖ ਉਨ੍ਹਾਂ ਬਲ ਘਟਿਸੀ ਭੂਲ ਗਇਓ ਨੇ ਫੰਧ ।
ਅਗੇ ਪੈਦਾ ਕਿਉਂ ਕਿਓ ਭਲਾ ਨ ਕੀਓ ਗੋਬਿੰਦ ।
ਅਲੋਪ ਹੋਵਾਂਗਾ ਰਾਜ ਦੇ ਮਨ ਥਾਪੇਂ ਗੋਬਿੰਦ ।
ਬਚਨ ਪਾਲ ਨਹੀਂ ਸਕੇਂਗੇ ਬਹੁਤ ਪੜੈਗੁ ਜੰਗ ।
ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ ।
ਬਰਨ ਚਾਰ ਕਾ ਏਕ ਰੂਪ ਦੇਖ ਕਰੂੰ ਮੈਂ ਆਪ ।
ਮਾਝੇ ਵਿਚ ਹੋਸਨੀ ਲੂਟੇਂਗੇ ਲਾਹੌਰ ।
ਪੋਠੋਹਾਰ ਕੋ ਸਾਧ ਕੈ ਫਿਰ ਲੇਵੇਂਗੇ ਪਸ਼ੌਰ ।
ਚੌਕੀ ਅਟਕ ਬਹਾਲਕੇ ਫਿਰ ਲੇਵੇਂਗੇ ਖੈਬਰ ਤੰਗ ।
ਜਲਾਲਬਾਦ ਕੋ ਜੀਤ ਕੈ ਫਿਰ ਕਾਬਲ ਹੋਵੈ ਜੰਗ ।
ਕਾਬਲ ਰਾਜ ਬਹਾਲ ਕੈ ਗਜ਼ਨੀ ਕੋ ਫਿਰ ਲੇਂਹ ।
ਮੁਲਖ ਹਜਾਰਾ ਸਾਧ ਕੈ ਕੰਧਾਰ ਕੋ ਕੂਚ ਕਰੇਂਹ ।
ਬਲਖ ਬੁਖਾਰਾ ਬਗਦਾਦ ਕੋ ਲੇਵੇਂ ਮਸਤ ਬਲੋਚ ।
ਉਨ ਮੁਲਕੋਂ ਕੋ ਸਾਧ ਕੈ ਜਪਤ ਹੋਵੇਂਗੇ ਸਭ ਲੋਕ ।
ਮੱਕਾ ਮਦੀਨਾ ਰੂਮ ਕੋ ਮਰਹਟਾ ਭੀਲ ਫਿਰੰਗ ।
ਦਖਨ ਪੂਰਬ ਹਿੰਦ ਕੋ ਜੀਤ ਕਰਹਿ ਜੋ ਜੰਗ ।
ਦਿਲੀ ਤਖਤ ਪਰ ਬਹੇਗੀ ਆਪ ਗੁਰੂ ਕੀ ਫੌਜ ।
ਛਤਰ ਫਿਰਾਵੈ ਸੀਸ ਪਰ ਬੜੀ ਕਰੇਂਗੇ ਮੌਜ ।
ਉਦੇ ਅਸਤ ਤਕ ਰਾਜ ਹੋਇ ਹੋਰ ਨਾ ਰਹਿਸੀ ਕੋਇ ।
ਰਯਤ ਹੋਵੈ ਸਭ ਹੀ ਧਰਤੀ ਉਖਰ ਜੋਇ ।

ਸਚੇ ਸਾਹਿਬ ਦੇ ਰਾਜ ਵਿਚ ਸਤਯੁਗ ਹੋਸੀਆਨ।
ਤਾਬਿਆ ਚਲੇ ਜੋ ਪੰਥ ਕੀ ਖਾਏ ਨਾ ਜਮਕਾ ਬਾਨ।
ਫੋਜ ਚੜੇ ਅਕਾਲ ਕੀ ਮਕੜੀ ਨਿਆਈਂ ਹੋਇ।
ਨੀਲਾ ਬਾਣਾ ਪਹਿਰ ਕੈ ਅਵਰ ਨ ਦਿਸਸੀ ਕੋਇ।
ਸੁਨਹੁ ਕਾਜ਼ੀ ਰੁਕਨਦੀਨ ਸਿੰਘ ਕਰੇਂਗੇ ਰਾਜ।
ਮਲੇਛ ਸ਼ੇਖ ਸਭ ਨਿਵੇਂਗੇ ਪੀਰ ਮੁਰੀਦ ਸਹਾਬ।
ਏਕ ਨਾਮ ਸਭ ਜਪੈਂਗੇ ਦੇਖਨ ਆਵੈ ਆਪ।
ਬੇਈਮਾਨ ਖੁਸ਼ਾਮਦੀ ਦੇਖ ਨਾ ਸਕੈਂ ਪ੍ਰਤਾਪ।
ਰਯਤ ਹੋਇ ਸਭ ਮਿਲੇਗੀ ਸੂਬੇ ਥਾਪੇ ਆਪ।
ਧਰਤੀ ਦੇਵੈ ਅੰਨ ਧਨ ਬਹੁ, ਦੇਵੇ ਡੰਨ ਕਰੇ ਜੋ ਪਾਪ।
ਗਊ ਦੁਧ ਬਹੁ ਦੇਵੇਗੀ ਪਰਬਤ ਦੇਵੇਂਗੇ ਲਾਲ।
ਮੇਵੇ ਭੀ ਤਰੁ ਦੇਵਹਿੰਗੇ ਜੇਬ ਦੇਖੇ ਆਪ ਅਕਾਲ।
ਵਾਹਿਗੁਰੂ ਸਭ ਜਪੇਗੀ ਮੁਕਤ ਅਪਨੀ ਜਾਨ।
ਧਰਮਸਾਲ ਬਹੁਤ ਹੋਇਗੀ ਛਪੈ ਮਸੀਤ ਕੁਰਾਨ।
ਕਸ਼ਮੀਰ ਅਰ ਤਿੱਬਤ ਖੰਧਰ ਯੋਗ ਈਰਾਨਾ।
ਗਿਲਜਿਊਂ ਜੰਬਕਿ ਬਾਸਕ ਕਾਬਲ ਫਿਰ ਤਈਰਾਨਾ।
ਪ੍ਰਗਟ ਹੋਇਗਾ ਆਪ ਪ੍ਰਭ ਹਰਿਮੰਦਰ ਮੈਂ ਆਇ।
ਨਾਮ ਕਹਾਵੈ ਵਾਹਿਗੁਰੂ ਸਿੰਘ ਮਿਲੇ ਸਭ ਆਇ।
ਸਚਾ ਪੁਰਖ ਅਖਾਇਕੈ ਜਿ਼ਲੀ ਬੈਠਾ ਜਾਇ।
ਪਾਤਸ਼ਾਹੀ ਸੁਖ ਸਿਉਂ ਕਰੇ ਵੈਰੀ ਰਹੈ ਨਾ ਕੋਇ।
ਜਿਸ ਧਿਰ ਕੋਪੇ ਖਾਲਸਾ ਕੰਬੈ ਚੌਦਹ ਲੋਇ।
ਚੌਦਾਂ ਸੈ ਸਹੰਸ੍ਰ ਬਰਖ ਲੌ ਰਾਜ ਐਸਾ ਹੋਇ।
ਮਾਇਆ ਇਕੱਠੀ ਕਰਕੇ ਦੇਵਹਿੰਗੇ ਲੰਗਰ ਲਾਇ।
ਨੰਗਾ ਭੁਖਾ ਅਰਥੀਆ ਖਾਲੀ ਕੋਇ ਨਾ ਜਾਇ।
ਨਾਨਕ ਆਖੇ ਰੁਕਨਦੀਨ ਇਹ ਵਰਤੇਗੀ ਰੀਤ।
ਕਰਨੀ ਨਾਮਾ ਜੋ ਪੜੇ ਵਧੇ ਸਾਹਿਬ ਸਿਉਂ ਪ੍ਰੀਤ।
ਦੋਹੀ ਫਿਰੈ ਅਕਾਲ ਕੀ ਨਿੰਦਕ ਟਿਕੈ ਨਾ ਕੋਇ।
ਬਨ ਪਰਬਤ ਸਭ ਭਜਹਿੰਗੇ ਤਰੈ ਜਗਤ ਮੈਂ ਸੋਇ।
ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।
ਖੁਆਰ ਹੋਇ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ।

——:o:——

ਹਰ ਇਕ ਗੁਰਸਿਖ ਨਿਤ ਜਪੇ, ਕਰਨੀ ਦੀ ਪ੍ਰਾਪਤੀ ਹੋਵੇ। ਗੁਸਤ ਸੁਖਾਲੀ ਸੁਆਦੀ ਬੀਤੇ ।

# "ਚੜ੍ਹਿਆ ਨਾਨਕ ਪਾਤਸ਼ਾਹ"

## (ਵਾਰ–ਗੁਰੂ ਨਾਨਕ ਦੇਵ ਜੀ)

ਉਘਾ ਸਭ ਸੰਸਾਰ ਚੋਂ, ਨਾਨਕ ਦਾ ਨਾਵਾਂ।
ਸੂਰਜ ਵਾਂਗੂੰ ਉਜਲਾ, ਜਿਸ ਦਾ ਪਰਛਾਵਾਂ।
ਰਸਤਾ ਦਿਤਾ ਸਾਗਰਾਂ, ਨਦੀਆਂ ਦਰਿਆਵਾਂ।
ਸੀਸ ਨਿਵਾਏ ਪਰਬਤਾਂ, ਸਨਮਾਨ ਹਵਾਵਾਂ।
ਮੰਨੀ ਪੀਰ ਪੈਗੰਬਰੀ, ਸਭਣਾਂ ਉਲਮਾਵਾਂ।
ਸੁਣ ਸੁਣ ਸ਼ਬਦ ਸਰੋਤ ਨੂੰ, ਭਜ ਜਾਣ ਬਲਾਵਾਂ।
ਭਾਵੇਂ ਲਖਾਂ ਕੀਤੀਆਂ, ਜਗ ਕਥਾ ਕਥਾਵਾਂ।
ਜੋ ਨਾਨਕ ਜੰਮਣ ਫੇਰ ਵੀ, ਜੰਮੀਆਂ ਨਹੀਂ ਮਾਵਾਂ।

ਚੜ੍ਹਿਆ ਨਾਨਕ ਪਾਤਸ਼ਾਹ, ਚਮਕੀ ਗੁਰਆਈ।
ਲੀਤਾ ਧਣਸ਼ ਰਬਾਬ ਦਾ, ਸੁਰ ਤਾਰ ਚੜ੍ਹਾਈ।
ਤਿਖੀ ਕਾਨੀ ਸ਼ਬਦ ਦੀ, ਵਿਚ ਸੁਰਤ ਟਿਕਾਈ।
ਉਡ ਪੁਡ ਗਈ ਤਕੱਬਰੀ, ਖੁਦ ਨਿਵੀਂ ਖੁਦਾਈ।
ਫੜ ਕੇ ਤੇਗ ਦਲੀਲ ਦੀ, ਜਿਸ ਜਗਾ ਘੁਮਾਈ।
ਡਿਗੀ ਮੂਧੇ ਮੂੰਹ ਹੋ, ਚਾਤਰ ਚਤਰਾਈ।
ਭਾਵੇਂ ਲਖ ਜਗਨ ਦੇ, ਸੀ ਲੋਕ ਕਸਾਈ।
ਪਰ ਨਾਨਕ ਮਛਰੇ ਸਾਣ ਨੂੰ, ਨੱਥ ਫੜ ਕੇ ਪਾਈ।

ਨਿਰਭਉ ਤੇ ਨਿਰਵੈਰ ਸੀ, ਗੁਰ ਨਾਨਕ ਪੂਰਾ।
ਜਤ ਸਤ ਦੀ ਸੰਜੋਅ ਲੈ, ਕਰਨੀ ਦਾ ਸੂਰਾ।
ਡੂੰਮ ਰਬਾਬ ਵਜਾਂਵਦਾ, ਰੰਗ ਦਾਰ ਸੰਧੂਰਾ।
ਨਾਲ ਮਦਾਰੀ ਜਿਸ ਤਰ੍ਹਾਂ, ਰਖ ਲਿਆ ਜੰਮੂਰਾ।
ਜਿਸ ਥਾਂ ਵੀ ਮਾਰਿਆ, ਗੁਰ ਸ਼ਬਦ ਖੰਘੂਰਾ।
ਪਰਬਤ ਪਾਪ ਪਖੰਡ ਦਾ, ਕਰ ਸੁਟਿਆ ਚੂਰਾ।
ਬਾਬਾ ਬਬਰ ਸ਼ੇਰ ਸੀ, ਜਦ ਬੜਕਿਆ ਬੂਰਾ।
ਤਦ ਭਜ ਉਠੀ ਮਿਰਗਾਵਲੀ, ਛਡ ਸਬਰ ਸਬੂਰਾ।

ਵਿਚ ਏਮਨਾਂ ਬਾਦ ਦੇ, ਭਾਗੋ ਭੰਡਾਰੀ।
ਮੱਧ ਵਿਚ ਮੱਤਾ ਛੂਕਦਾ, ਚੜ ਗਈ ਖੁਮਾਰੀ।
ਆਣ ਖਲੋਤਾ ਸਾਹਮਣੇ, ਨਾਨਕ ਨਿਰੰਕਾਰੀ।
ਲੈਕੇ ਢਾਲ ਤਿਆਗ ਦੀ, ਹੱਕੀ ਦੋ ਧਾਰੀ।
ਇਕ ਵਲ ਲਾਲੋ ਮਿਹਨਤੀ, ਇਕ ਵਲ ਸਰਦਾਰੀ।
ਲਗਾ ਹੋਣ ਮੁਕਾਬਲਾ, ਵੇਖਣ ਸੰਸਾਰੀ।
ਮੁੱਠਾਂ ਜਦੋਂ ਮਰੋੜੀਆਂ, ਲਾ ਸ਼ਕਤੀ ਸਾਰੀ।
ਤਦ ਲਾਲੋ ਬਾਜੀ ਜਿਤਿਆ, ਹਰਿਆ ਹੰਕਾਰੀ।

ਏਸੇ ਥਾਂ ਦਾ ਵਾਕਿਆ, ਚੜ ਬਾਬਰ ਆਇਆ।
ਹਿੰਦੂ ਹਿੰਦੁਸਤਾਨ ਨੂੰ. ਹਰ ਤਰ੍ਹਾਂ ਡਰਾਇਆ।
ਸਾਧੂ ਸੰਤ ਫਕੀਰ ਨੂੰ, ਫੜ ਬੰਨ੍ਹ ਬਹਾਇਆ।
ਜ਼ੁਲਮ ਨਿਹੱਥੀ ਖਲਕ ਤੇ, ਹਰ ਤਰ੍ਹਾਂ ਕਮਾਇਆ।
ਮਾਰੀ ਕੂਕ ਗਰੀਬ ਨੇ, ਜਦ ਦਿਲੋਂ ਬੁਲਾਇਆ।
ਬਾਬਰ ਜਾਬਰ ਆਖਦਾ, ਗੁਰ ਭਜਿਆ ਆਇਆ।
ਜਦੋਂ ਮੁਗਲ ਸਮਰਾਟ ਨੇ, ਆ ਦਰਸ਼ਨ ਪਾਇਆ।
ਉਸ ਭੁੱਲ ਬਖਸ਼ਾਈ ਆਪਣੀ, ਝੁਕ ਸੀਸ ਨਿਵਾਇਆ।

ਫਿਰ ਚੜਿਆ ਗੁਰ ਸੂਰਮਾ, ਪਰਬਤ ਅਣਮੱਤੇ।
ਸਿਰੀਂ ਜੜਾਵਾਂ ਸਾਧੂਆਂ, ਜਿਓਂ ਵਾਰ ਕੁਸੱਤੇ।
ਭੰਗਰ ਝੰਗਰ ਭਰਥਰੀ, ਤੱਤੇ ਤੋਂ ਤੱਤੇ।
ਧੁਖਦੇ ਧੂਏਂ ਇਸ ਤਰ੍ਹਾਂ, ਜਿਓਂ ਧੁਖਦੇ ਗੱਤੇ।
ਨੈਣ ਵੇਖ ਕੇ ਸਾਹਮਣੇ, ਰੱਬ ਦੇ ਰੰਗ ਰੱਤੇ।
ਲਈਆਂ ਧੂਹ ਚਵਾਤੀਆਂ, ਤਕ ਕਰੋਧ ਕੁਪੱਤੇ।
ਨਾਲ ਖੜਾਵਾਂ ਉਡੀਆਂ, ਲੰਘ ਅੰਬਰ ਸੱਤੇ।
ਬਣ ਗਏ ਗੋਰਖ ਮਤਿਓਂ, ਨਾਨਕ ਦੇ ਮੱਤੇ।

ਵੇਖੇ ਪੀਲੀ ਭੀਤ ਤੇ, ਜਾ ਨਵੇਂ ਨਜ਼ਾਰੇ।
ਰੇਠੇ ਪੁਤਰ ਕੌੜ ਦੇ, ਬਣ ਗਏ ਛੁਹਾਰੇ।
ਡੁਬਦੇ ਬੇੜੇ ਬੇੜੀਆਂ, ਨਾਨਕ ਨੇ ਤਾਰੇ।
ਧੱਕੇ ਲੋਕ ਸਮਾਜ ਦੇ, ਵਿਚ ਆਣ ਖਲ੍ਹਾਰੇ।
ਜਦੋਂ ਆਵਾਜ਼ਾਂ ਨਾਨਕੀ, ਨਾਨਕ ਨੂੰ ਮਾਰੇ।
ਨਾਨਕ ਆਵੇ ਸਾਹਮਣੇ, ਛਡ ਬਲਖ ਬੁਖਾਰੇ।

ਤੇਲ ਤਪਾਏ ਰਾਖਸ਼ਾਂ, ਨਾਨਕ ਨੇ ਠਾਰੇ।
ਸੀ ਕੌਡੇ ਵਰਗੇ ਜਾਂਗਲੀ, ਪਲ ਵਿਚ ਉਧਾਰੇ।

ਧਰੂਅ ਤੱਕ ਪੁੱਜਾ ਸੂਰਮਾ, ਗੁਰ ਮਾਰ ਉਡਾਰੀ।
ਸਭ ਪੁਰੀਆਂ ਵੇਖੀਆਂ, ਵਾ ਵਿਚ ਉਸਾਰੀ।
ਆਖਣ ਦੇਵੀ ਦੇਵਤੇ, ਜੀ ਸਰਨ ਤਿਹਾਰੀ।
ਤਾਰੋ ਸਾਨੂੰ ਰੱਬ ਜੀ, ਜਿਓਂ ਖਲਕਤ ਤਾਰੀ।
ਸਚ ਖੰਡ ਬਾਬਾ ਪੁਜਿਆ, ਕਰ ਕਰਨੀ ਭਾਰੀ।
ਦਰਸ਼ਨ ਕੀਤਾ ਆਪਣਾ, ਆਪੇ ਬਲਿਹਾਰੀ।
ਉਹ ਸੀ ਨੂਰ ਅਲਾਹ ਦਾ, ਨਾਨਕ ਨਿਰੰਕਾਰੀ।
ਜੋ ਚਮਕਿਆ ਵਿਚ ਕੋਹਤੂਰ ਦੇ, ਲਿਖ ਗਏ ਲਿਖਾਰੀ।

ਹੋਰ ਉਦਾਸੀ ਫੇਰ ਵੀ, ਚੜ੍ਹੀਆਂ ਸਰਕਾਰਾਂ।
ਗੰਗਾ ਗਯਾ ਗੁਦਾਵਰੀ, ਅਸਥਾਨ ਹਜ਼ਾਰਾਂ।
ਬੱਧੇ ਘਰ ਭਗਵਾਨ ਦੇ, ਪੈਸੇ ਦਿਆਂ ਯਾਰਾਂ।
ਪੱਛੇ ਫੁੱਲ ਬਿਓੜਕੇ, ਚੁਭ ਚੁਭ ਕੇ ਖਾਰਾਂ।
ਸੌਦਾ ਕੂੜ ਕੁਸਤ ਦਾ, ਵਿਚ ਗਲੀ ਬਜ਼ਾਰਾਂ।
ਧੋਖਾ ਧਰਮ ਈਮਾਨ ਨੂੰ, ਜ਼ਾਲਮ ਤਲਵਾਰਾਂ।
ਨਾਨਕ ਜਦੋਂ ਰਬਾਬ ਤੇ, ਖੜਕਾਈਆਂ ਤਾਰਾਂ।
ਤਦ ਪਤ ਝੜ ਝੜ ਗਈ ਪਾਪ ਦੀ ਖਿੜੀਆਂ ਗੁਲਜ਼ਾਰਾਂ।

ਜਗਨ ਨਾਥ ਵਿਚ ਪੁਜਿਆ, ਲੈਕੇ ਮਰਦਾਨਾ।
ਵੱਜੀ ਤਾਰ ਰਬਾਬ ਦੀ, ਵੱਜ ਗਿਆ ਨਸ਼ਾਨਾ।
ਵਾਯੂ ਮੰਡਲ ਝੂੰਮਿਆ, ਖਿੜਿਆ ਮਹਿਖਾਨਾ।
ਆਲਮ ਅਮਲੀ ਹੋ ਗਿਆ; ਜਗਦੀਸ਼ ਦੀਵਾਨਾ।
ਨਵੀਂ ਉਤਾਰੀ ਆਰਤੀ, ਕਰ ਸੁਰਤ ਕਮਾਨਾਂ।
ਥਾਲ ਬਣਾਇਆ ਗਗਨ ਦਾ, ਚੰਦ ਦੀਪ ਸਮਾਨਾਂ।
ਤਾਰੇ ਮੋਤੀ ਲਿਸ਼ਕਦੇ, ਨੂਰੀ ਸਮਆਨਾਂ।
ਕੋਈ ਵੇਖੇ ਅੱਖ ਗਿਆਨ ਦੀ, ਕੁਦਰਤ ਦੀਆਂ ਸ਼ਾਨਾਂ।

ਵੇਖੀ ਗੰਗਾ ਘਾਟ ਤੇ, ਪੰਡਿਆਂ ਦੀ ਢਾਣੀ।
ਭਰ ਭਰ ਚੁਲੀਆਂ ਸੁਟਦੇ, ਸੂਰਜ ਨੂੰ ਪਾਣੀ।

ਮੂੜ ਅਵਸਥਾ ਉਨ੍ਹਾਂ ਦੀ, ਨਾਨਕ ਨੇ ਜਾਣੀ।
ਫੌਰਨ ਹੱਲਾ ਬੋਲਿਆ, ਸੰਗ ਲੈ ਕੇ ਹਾਣੀ।
ਦਿਤਾ ਬਾਬੇ ਪੂਰਬੋਂ, ਪਛਮ ਨੂੰ ਪਾਣੀ।
ਪੰਡੇ ਕਢੇ ਭਵਜਲੋਂ, ਕਰ ਨਵੀਂ ਕਹਾਣੀ।
ਦਿਤੀ ਜੋ ਸੰਸਾਰ ਨੂੰ, ਨਾਨਕ ਨੇ ਬਾਣੀ।
ਉਹ ਦੁਨੀਆਂ ਤੇ ਅਮਰ ਹੈ, ਨਾ ਹੋਇ ਪੁਰਾਣੀ।

ਅਰਬ ਦੇਸ਼ ਵਲ ਫਿਰ ਜਦੋਂ, ਹੋ ਗਈ ਕਰੜਾਈ।
ਬਾਬੇ ਮੱਕਾ ਫੇਰਿਆ, ਫਿਰ ਗਈ ਖੁਦਾਈ।
ਆਣ ਮਦੀਨੇ ਵਾਲਿਆ, ਗਲ ਹੋਰ ਚਲਾਈ।
ਹਿੰਦੂ ਮੁਸਲਮਾਨ ਚੋਂ, ਕਿਸ ਦੀ ਵਡਿਆਈ।
ਬਾਬਾ ਆਖੇ ਹਾਜੀਆਂ ਜੇ ਅਮਲ ਨਾ ਕਾਈ।
ਦੋਵੇਂ ਬੱਧੇ ਰੋਣ ਗੇ, ਕਾਹਦੀ ਭਲਿਆਈ।
ਜਿੱਤ ਮੱਕਾ ਬਗਦਾਦ ਤੇ ਜਾ ਕੀਤੀ ਧਾਈ।
ਲਖ ਅਗਾਸ ਪਤਾਲ ਦੀ, ਕੁਦਰਤ ਦਿਖਲਾਈ।

ਫਿਰ ਠਲੀ ਗੁਰ ਸੂਰਮੇਂ, ਰਿੜ ਰਹੀ ਪਹਾੜੀ।
ਡੱਕੀ ਪੰਜਾ ਮਾਰ ਕੇ, ਆਉਂਦੀ ਬਘਿਆੜੀ।
ਪੀਰੀ ਖੋਹ ਲਈ ਪੀਰ ਦੀ, ਜਦ ਹੋਸ਼ ਵਿਗਾੜੀ।
ਟੀਸੀ ਉਤੋਂ ਉਤਰਿਆ, ਖੜ ਗਿਆ ਅਗਾੜੀ।
ਨੀਉਂ ਨੀਉਂ ਮੱਥੇ ਟੇਕਦਾ, ਹਾਂ ਸਰਨ ਅਨਾੜੀ।
ਬਖਸ਼ੇ ਪੀਰ ਮੁਰੀਦ ਨੂੰ, ਹਰ ਗਿਆ ਖਿਲਾੜੀ।
ਨਦਰੀ ਨਦਰ ਨਿਹਾਲ ਨੇ, ਜਦ ਅੱਖ ਉਘਾੜੀ।
ਤਦ ਮਸਤੀ ਚੜ੍ਹ ਗਈ ਵਲੀ ਨੂੰ, ਸੁੱਖੇ ਤੋਂ ਗਾੜ੍ਹੀ।

ਫਿਰ ਪੀਰੀ ਮੁਲਤਾਨ ਦੀ, ਜਾ ਬਣਿਆ ਮੇਲ਼ੀ।
ਫਿਰੇ ਕਟੋਰਾ ਦੁੱਧ ਦਾ, ਵਿਚ ਤਰੇ ਚੰਬੇਲੀ।
ਚਮਕੀ ਵਿਚ ਹਨ੍ਹੇਰ ਦੇ, ਨਾਨਕ ਦੀ ਸੇਲੀ।
ਨਾਨਕ ਸਭ ਥਾਂ ਹੋ ਗਿਆ, ਬੇਲੀ ਦਾ ਬੇਲੀ।
ਜਿਨੇ ਮਛੰਦਰ ਜਿਤਿਆ, ਸੂਰਤ ਅਲਬੇਲੀ।
ਗਾਛਹੁ ਪੁਤਰੀ ਆਖਿਆ, ਨਾ ਕਿਹਾ ਸਹੇਲੀ।
ਜਿਧਰ ਨਜ਼ਰ ਹਜ਼ੂਰ ਦੀ, ਕਰਦੀ ਅਟਖੇਲੀ।
ਬਣ ਬਣ ਗਈ ਫੌਰਨ ਮਿਟੀਓਂ, ਮਿਸਰੀ ਦੀ ਢੇਲੀ।

ਸਚਾਵੇਂ ਕਲਜੁਗ ਆ ਗਿਆ, ਰੰਗ ਰੂਪ ਨਿਆਰੇ।
ਕਾਮੀ, ਕ੍ਰੋਧੀ ਚਾਤਰੀ, ਬੇਅੰਤ ਪਸਾਰੇ।
ਲੁਕਮਾਂ ਮਾਸ ਸ਼ਰਾਬ ਦਾ, ਬਦ ਮਸਤ ਹੁਲਾਰੇ।
ਫੌਜਾਂ ਕੂੜ ਕੁਸੱਤੀਆਂ, ਵੱਜ ਰਹੇ ਨਗਾਰੇ।
ਨਾਨਕ ਆਇਆ ਸਾਹਮਣੇ, ਭਿੜ ਪਏ ਕਰਾਰੇ।
ਪੰਜੇ ਬੱਧੇ ਮਹਾਂਬਲੀ ਯੁਧ ਕੀਤੇ ਭਾਰੇ।
ਅਫਲ ਹੋ ਗਏ ਕਲਜੁਗੀ, ਜਦ ਕੀਤੇ ਚਾਰੇ।
ਤਦ ਚਰਨੀ ਡਿਗਾ ਆਣਕੇ, ਹਾਂ ਦਾਸ ਤੁਮਾਰੇ।

ਚੜ੍ਹਿਆ ਜਦੋਂ ਅਸਾਮ ਤੇ, ਆ ਗਏ ਅਸਾਮੀਂ।
ਜਾਦੂਗਰਨੀ ਨੂਰ ਸ਼ਾਹ, ਸਰਕਾਰ ਮੁਕਾਮੀਂ।
ਫੜ ਮਰਦਾਨਾ ਬੰਨ੍ਹਿਆ, ਪੜ੍ਹ ਕਾਰ ਕਲਾਮੀਂ।
ਭੇਡੂ ਬਣ ਕੇ ਬੋਲਿਆ, ਕੁਝ ਕਰੋ ਸੁਆਮੀ।
ਆਇਆ ਯਾਰ ਛੁਡਾਉਣ ਨੂੰ, ਗੁਰ ਅੰਤਰ ਜਾਮੀਂ।
ਜੁੜੀਆਂ ਜਾਦੂ ਗਰਨੀਆਂ, ਹਰ ਜਗ੍ਹਾ ਤਮਾਮੀ।
ਮੂੰਹ ਕੜੂਚੇ ਘਾਹ ਦੇ, ਆ ਦੇਣ ਸਲਾਮੀਂ।
ਤਾਰੋ ਅਉਗਣ ਹਾਰ ਨੂੰ, ਕਰ ਮਾਫ ਖੁਨਾਮੀਂ।

ਫਿਰ ਆਇਆ ਉਹ ਬਾਦਸ਼ਾਹ, ਗੰਜਾਂ ਦਾ ਵਾਲੀ।
ਪੁਜੀ ਉਸ ਦੇ ਸਾਹਮਣੇ, ਗੁਰ ਜੋੜ ਅਕਾਲੀ।
ਸੂਈ ਸਾਡੀ ਸਾਂਭ ਲੈ, ਨਾ ਮੁੜੇ ਸਵਾਲੀ!
ਅਗੇ ਜਾ ਕੇ ਲਵਾਂਗੇ, ਨਾ ਜਾਏ ਜੰਗਾਲੀ।
ਓਹ ਸੀ ਜ਼ਾਲਮ ਬਾਦਸ਼ਾਹ, ਚਾਨਣ ਤੋਂ ਖਾਲੀ।
ਏਸ ਅਜੀਬ ਸੁਆਲ ਨੇ, ਮੁੜ ਬੱਤੀ ਬਾਲੀ।
ਸੂਈ ਤੇਰੀ ਫਕਰਾ, ਨਾ ਜਾਏ ਸੰਭਾਲੀ।
ਮੈਂ ਤੇਰੇ ਤੋਂ ਹਾਰਿਆ, ਤੂੰ ਜਿਤਿਆ ਮਾਲੀ।

ਫਿਰ ਦਖਣ ਵਿਚ ਪੁਜਿਆ, ਗੁਰ ਗੁਣੀ ਗਹੀਰਾ।
ਲਕੜ ਸ਼ਾਹ ਲਈ ਰੋਸ਼ਨੀ, ਮਿਲ ਗਿਆ ਮਮੀਰਾ।
ਬਿਦਰ ਸ਼ਹਿਰ ਮਾਸੂਰ ਦੀ, ਮੁੰਦਰੀ ਵਿਚ ਹੀਰਾ।
ਸ਼ਾਨ ਅਜੂਬ ਜਲਾਲ ਦੀ, ਇਸਲਾਮੀ ਚੀਰਾ।
ਗੁਰ ਨਾਨਕ ਦੇ ਨਾਮ ਦਾ, ਲਭ ਪਿਆ ਜ਼ਖੀਰਾ।

ਟੁਟ ਗਈ ਤਾਰ ਭਰੱਮ ਦੀ, ਕਟ ਗਿਆ ਕਤੀਰਾ।
ਪਾਣੀ ਬਾਝੋਂ ਤੜਫਿਆ, ਜਦ ਬੇ ਤਕਸੀਰਾ।
ਛੋਹ ਨਾਲ ਖੜਾਕਾਂ ਕਢਿਆ, ਗੁਰ ਨਾਨਕ ਝੀਰਾ।

ਫੇਰ ਮਟਣ ਵਿਚ ਪੁਜਿਆ, ਸੋਧੇ ਕਸ਼ਮੀਰੀ।
ਦਿਤਾ ਤਾਰ ਕਮਾਲ ਨੂੰ, ਗਈ ਸੋਰ ਫਕੀਰੀ।
ਬ੍ਰਹਮ ਦਾਸ ਨੂੰ ਜਿਤਿਆ, ਭੌਂ ਗਈ ਭੰਬੀਰੀ।
ਤਿਬਤ ਹਿਲਾ ਮਾਰਿਆ, ਜਿਤ ਲਈ ਅਮੀਰੀ।
ਜਿਥੇ ਸਤਿਗੁਰ ਸੂਰਮਾ, ਭਜੇ ਦਿਲ ਗੀਰੀ।
ਸਾਹ ਆਵੇ ਮਜ਼ਲੂਮ ਨੂੰ, ਟੁਟ ਜਾਏ ਜੰਜੀਰੀ।
ਰਾਤ ਹਨੇਰੀ ਪਾਪ ਦੀ, ਧਰਮੀ ਨੇ ਚੀਰੀ।
ਚਮਕੀ ਵਿਚ ਸੰਸਾਰ ਦੇ, ਨਾਨਕ ਦੀ ਪੀਰੀ।

ਪਰਉਪਕਾਰੀ ਆਤਮਾ, ਦੁਨੀਆਂ ਤੇ ਆਈ।
ਬਿਨਾਂ ਵਿਤਕਰੇ ਕਿਸੇ ਦੇ, ਕੀਤੀ ਰੁਸ਼ਨਾਈ।
ਹਰਨੀ ਨਾਨਕ ਜਾਣਦਾ ਸੀ ਪੀਰ ਪਰਾਈ।
ਸਭ ਦੀਆਂ ਆਸ਼ਾਂ ਪੂਰੀਆਂ, ਪਰਤੱਖ ਗੁਸਾਈ।
ਧਰ ਕੇ ਨਾ ਕਰਤਾਰ ਦਾ, ਇਕ ਪੁਰੀ ਵਸਾਈ।
ਬਹਿਕੇ ਪਿਛਲੀ ਆਰਜ਼ੂ, ਇਸ ਜਗ੍ਹਾ ਬਤਾਈ।
ਜਦ ਉਹ ਜੋਤ ਨਿਰੰਜਣੀ, ਵਿਚ ਜੋਤ ਸਮਾਈ।
ਖਾਲੀ ਚਾਦਰ ਵੇਖ ਕੇ, ਵਿਸਮਾਦ ਲੁਕਾਈ।

ਗੁਰ ਨਾਨਕ ਦੀ ਕੀਰਤੀ, ਗੁਰ ਨਾਨਕ ਜਾਣੇ।
ਇਕੋ ਜਿਹੇ ਇਨਸਾਨ ਨੇ, ਨਾਨਕ ਦੇ ਭਾਣੇ।
ਇਹ ਜੋ ਦਿਸਣਹਾਰ ਹੈ, ਸਭ ਨਵੇਂ ਪੁਰਾਣੇ।
ਹਰ ਵਿਚ ਨਾਨਕ ਵੱਸਦਾ, ਹਰ ਹਰੀ ਪਛਾਣੇ।
ਇਹ ਜੋ ਵੀ ਸੰਸਾਰ ਨੇ ਲਖ ਤੰਬੂ ਤਾਣੇ।
ਵਾਰੋ ਵਾਰੀ ਚਲਣੇ, ਥਿਰ ਨਹੀਂ ਟਿਕਾਣੇ।
ਨਾਨਕ ਆਪ ਨਰਾਇਣ ਸੀ, ਕਹਿ ਗਏ ਸਿਆਣੇ।
ਗੁਰ ਚਾਤਰ ਨਾਲ ਬਰਾਬਰੀ, ਕਿਵ ਕਰ ਅੰਞਾਣੇ।

ਅਨੁਵਾਦਕ (ਹਰਸਾ ਸਿੰਘ 'ਚਾਤਰ')

ੴ ਸਤਿਗੁਰ ਪ੍ਰਸਾਦਿ ॥

# ਅਨੰਦ ਸਾਹਿਬ

ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ।

ਹੇ ਮੇਰੀ ਮਾਂ, ਮੈਂ ਸੱਚਾ ਗੁਰੂ ਪਾ ਲਿਆ, ਜਿਸ ਕਰਕੇ ਮੈਨੂੰ ਅਨੰਦ ਹੋਇਆ ਹੈ ।

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ ।

ਬਿਨਾ ਕਿਸੇ ਪਰਕਾਰ ਦੇ ਯਤਨ ਕਰਨ ਦੇ ਹੀ ਸੱਚਾ ਗੁਰੂ ਮੈਨੂੰ ਮਿਲ ਪਿਆ ਹੈ ਜਿਸ ਕਰਕੇ ਮੇਰੇ ਮਨ 'ਵਧਾਈ–ਵਧਾਈ' ਦੀਆਂ ਆਵਾਜ਼ਾਂ ਪੈਦਾ ਹੋਈਆਂ ਹਨ, ਅਰਥਾਤ, ਮੇਰਾ ਮਨ ਖੁਸ਼ੀਆਂ ਨਾਲ ਭਰਪੂਰ ਹੋ ਗਿਆ ਹੈ ।

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ।

ਅਮੋਲਕ ਜਾਂ ਬਹੁਤ ਖੁਸ਼ੀ ਦੇਣ ਵਾਲੇ ਰਾਗ ਆਪਣੀਆਂ ਸਭਨਾਂ ਰਾਗਣੀਆਂ ਤੇ ਪਰਵਾਰ ਸਮੇਤ ਖੁਸ਼ੀ ਦੇ ਗੀਤ ਗਾਉਣ ਆਏ ਹਨ, ਅਰਥਾਤ, ਗੁਰੂ ਮਿਲਣ ਤੇ ਮੈਨੂੰ ਅਜੇਹੀ ਖੁਸ਼ੀ ਹੋਈ ਹੈ ਕਿ ਮੇਰੇ ਮਨ ਵਿਚੋਂ ਬਦੋ ਬਦੀ ਅਨੇਕ ਪਰਕਾਰ ਦੇ ਰਾਗ ਗੀਤ ਫੁਟ ਫੁਟ ਕੇ ਨਿਕਲ ਰਹੇ ਹਨ ।

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ।

ਤੁਸੀਂ ਉਸ ਵਾਹਿਗੁਰੂ ਦੇ ਸ਼ਬਦ ਦਾ ਕੀਰਤਨ ਕਰੋ (ਉਹਨਾਂ ਨਾਲ ਮਿਲਕੇ) ਜਿਨ੍ਹਾਂ ਨੇ ਹਰੀ ਦੇ ਸ਼ਬਦ ਨੂੰ ਮਨ ਵਿਚ ਵਸਾਇਆ ਹੈ ।

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਉਹਨਾਂ ਨੂੰ ਅਨੰਦ ਹੋਇਆ ਹੈ । ਮੈਨੂੰ ਸਤਿਗੁਰੂ ਮਿਲ ਪਿਆ ਹੈ, ਇਸ ਲਈ ਮੈਨੂੰ ਅਨੰਦ ਹੋਇਆ ਹੈ ।

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ।

ਹੇ ਮੇਰੇ ਮਨਾ ! ਤੂੰ ਸਦਾ ਹਰੀ ਦੇ ਸਿਮਰਨ ਵਿਚ ਲੱਗਾ ਰਹੁ ।

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ।

ਹੇ ਮੇਰੇ ਮਨਾ ! ਤੂੰ ਸਦਾ ਹਰੀ ਦੇ ਸਿਮਰਨ ਵਿਚ ਲੱਗਾ ਰਹੁ ਤੇਰੇ ਸਭੇ ਦੁੱਖ ਭੁਲ ਜਾਣਗੇ ।

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ।

ਉਹ ਪਰਮਾਤਮਾ ਤੈਨੂੰ ਕਬੂਲ ਜਾਂ ਸਵੀਕਾਰ ਕਰੇਗਾ ਅਤੇ ਤੇਰੇ ਸਭੇ ਕੰਮ ਸਵਾਰੇਗਾ ।

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ।

ਉਹ ਮਾਲਕ ਸਭ ਕੁਝ ਕਰਨ ਦੀ ਸਤਿਆ ਰਖਦਾ ਹੈ, ਤੂੰ ਉਸਨੂੰ ਮਨੋਂ ਕਿਉਂ ਭੁਲਾਉਂਦਾ ਹੈਂ ?

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥

ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ, 'ਹੇ ਮੇਰੇ ਮਨ ! ਤੂੰ ਸਦਾ ਵਾਹਿਗੁਰੂ ਦੇ ਸਿਮਰਨ ਵਿਚ ਲੱਗਾ ਰਿਹਾ ਕਰ ।'

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ।

ਹੇ ਮੇਰੇ ਸਚੇ ਮਾਲਕਾ ! ਤੇਰੇ ਘਰ ਵਿਚ ਕਿਹੜੀ ਚੀਜ਼ ਨਹੀਂ ।

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ।

ਤੇਰੇ ਘਰ ਵਿਚ ਤਾਂ ਸਭ ਕੁਛ ਹੈ, ਪਰ ਉਹ ਮਿਲਦਾ ਉਸੇ ਨੂੰ ਹੀ ਹੈ ਜਿਸ ਨੂੰ ਤੂੰ ਆਪ ਦੇਵੇਂ ।

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ।

ਇਨਸਾਨ ਨੂੰ ਚਾਹੀਦਾ ਹੈ ਕਿ ਸਦਾ ਤੇਰੀ ਉਸਤਤਿ ਕਰੇ ਤੇ ਤੇਰੇ ਨਾਮ ਨੂੰ ਮਨ ਵਿਚ ਪੱਕੀ ਤਰ੍ਹਾਂ ਧਾਰਨ ਕਰੇ ।

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ।

ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਵਸਿਆ ਹੈ, ਉਹਨਾਂ ਦੇ ਘਰੀਂ ਬਹੁਤ ਤਰ੍ਹਾਂ ਦੀਆਂ ਧੁਨੀਆਂ ਜਾਂ ਸੁਰਾਂ ਵਜਦੀਆਂ ਹਨ ।

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥

ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਹੇ ਸਚੇ ਸਾਹਿਬਾ । ਤੇਰੇ ਘਰ ਕਿਸ ਸ਼ੈ ਦਾ ਘਾਟਾ ਹੈ ?

ਸਾਚਾ ਨਾਮੁ ਮੇਰਾ ਆਧਾਰੋ ।

ਵਾਹਿਗੁਰੂ ਦਾ ਸਚਾ ਨਾਮ ਹੀ ਮੇਰਾ ਆਸਰਾ ਹੈ ।

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ।

ਸਚੇ ਨਾਮ ਦਾ ਹੀ ਮੈਨੂੰ ਆਸਰਾ ਹੈ, ਜਿਸ ਨੇ ਮੇਰੀਆਂ ਸਭ ਭੁੱਖਾਂ ਦੂਰ ਕਰ ਦਿਤੀਆਂ ਹਨ ।

ਕਰਿ ਸਾਂਤਿ ਸੁਖ ਮਨਿ ਆਇ ਵਸਿਆ
ਜਿਨਿ ਇਛਾ ਸਭਿ ਪੁਜਾਈਆ ।

ਮਨ ਨੂੰ ਸ਼ਾਂਤ ਕਰ ਕੇ ਇਸ ਵਿਚ ਸੁਖ ਆ ਗਇਆ ਹੈ, ਜਿਸ ਕਰਕੇ ਮੇਰੀਆਂ ਸਭ ਖਾਹਿਸ਼ਾਂ ਪੂਰੀਆਂ ਹੋ ਗਈਆਂ ਹਨ।

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ
ਜਿਸ ਦੀਆ ਏਹਿ ਵਡਿਆਈਆ ।

ਜਿਸ ਵਾਹਿਗੁਰੂ ਦੀਆਂ ਇੰਨੀਆਂ ਵਡਿਆਈਆਂ ਹਨ (ਜੋ ਵਾਹਿਗੁਰੂ ਇੰਨੇ ਵਡੇ ਗੁਣਾਂ ਸਿਫ਼ਤਾਂ ਦਾ ਮਾਲਕ ਹੈ) ਮੈਂ ਆਪਣੇ ਆਪ ਨੂੰ ਸਦਾ ਉਸ ਤੋਂ ਵਾਰਨੇ ਕਰਦਾ ਹਾਂ ।

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ।

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਹੇ ਸੰਤੋ, ਸੁਣੋ, ਤੁਸੀਂ ਹਰੀ ਨਾਮ ਨਾਲ ਪਿਆਰ ਕਾਇਮ ਕਰੋ ।

ਸਾਚਾ ਨਾਮੁ ਮੇਰਾ ਆਧਾਰੋ ॥੪॥

ਸੱਚੇ ਵਾਹਿਗੁਰੂ ਦਾ ਨਾਮ ਹੀ ਮੇਰਾ ਆਸਰਾ ਹੈ ।

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ।
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ।

ਜਿਸ ਚੰਗੇ ਭਾਗਾਂ ਵਾਲੇ ਸਰੀਰ ਵਿਚ ਵਾਹਿਗੁਰੂ ਦੇ ਨਾਮ ਸਿਮਰਨ ਦੀ ਸ਼ਕਤੀ ਨੇ ਵਾਸਾ ਕੀਤਾ ਹੈ, ਉਸ ਵਿਚ ਹਰ ਤਰ੍ਹਾਂ ਦੇ ਵਾਜੇ ਵੱਜਦੇ ਹਨ ।

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਪੰਜੇ ਵੈਰੀ ਤੂੰ ਉਹਨਾਂ ਦੇ ਵੱਸ ਕਰ ਦਿਤੇ ਹਨ ਅਤੇ ਦੁੱਖ ਦੇਣ ਵਾਲੀ ਮੌਤ ਨੂੰ ਤੂੰ ਮਾਰ ਦਿਤਾ ਹੈ ।

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ।

ਜਿਨ੍ਹਾਂ ਦੇ ਕਰਮਾਂ (ਭਾਗਾਂ) ਵਿਚ ਤੂੰ ਮੁੱਢ ਤੋਂ ਹੀ ਇਹ ਗੱਲ ਪਾ ਦਿਤੀ ਹੈ, ਉਹ ਹੀ ਤੇਰੇ ਨਾਮ ਦੇ ਸਿਮਰਨ ਵਿਚ ਲਗੇ ਹਨ ।

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

ਗੁਰੂ ਨਾਨਕ ਜੀ ਕਹਿੰਦੇ ਹਨ, 'ਉਥੇ ਸੁਖ ਹੁੰਦਾ ਹੈ ਅਤੇ ਉਹਨਾਂ ਦੇ ਸਰੀਰ ਵਿਚ ਧੁਰ ਦੇ ਵਾਜੇ ਵਜਦੇ ਹਨ ।

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ।

ਹੇ ਵਡੇ ਭਾਗਾਂ ਵਾਲਿਓ ! ਅਨੰਦ ਸੁਣੋ, ਤੁਹਾਡੇ ਸਾਰੇ ਕਾਰਜ ਪੂਰੇ ਹੋ ਗਏ ਹਨ ਜਾਂ ਹੋ ਜਾਣਗੇ ।

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ।

ਵਾਹਿਗੁਰੂ ਪ੍ਰਭੂ ਦੀ ਪਰਾਪਤੀ ਹੋ ਗਈ ਹੈ ਅਤੇ ਸਾਰੇ ਰੋਗ ਤੇ ਸੋਗ ਦੂਰ ਹੋ ਗਏ ਹਨ।

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।

ਜਿਨ੍ਹਾਂ ਨੇ ਸੱਚੀ ਬਾਣੀ ਸੁਣੀ ਹੈ, ਉਹਨਾਂ ਦੇ ਸਭ ਦੁਖ ਰੋਗ, ਤੇ ਸਾੜੇ (ਕਲੇਸ਼) ਦੂਰ ਹੋ ਗਏ ਹਨ।

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।

ਜਿਨ੍ਹਾਂ ਸੰਤਾਂ ਸੱਜਣਾਂ ਨੇ ਪੂਰੇ ਗੁਰੂ ਤੋਂ ਇਸ ਬਾਣੀ ਦਾ ਗਿਆਨ ਪਰਾਪਤ ਕੀਤਾ, ਉਹ ਅਨੰਦ ਹੋ ਗਏ।

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ।

ਇਹ ਬਾਣੀ ਸੁਣਨ ਵਾਲੇ ਵੀ ਪਵਿੱਤਰ ਹਨ ਤੇ ਪੜ੍ਹ ਕੇ ਸੁਣਾਉਣ ਵਾਲੇ ਵੀ ਪਵਿੱਤਰ ਹਨ, ਉਹਨਾਂ ਦੇ ਮਨਾਂ ਵਿਚ ਸਤਿਗੁਰੂ ਪੂਰਨ ਤੌਰ ਤੇ ਵਸ ਰਿਹਾ ਹੈ।

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥

ਗੁਰੂ ਨਾਨਕ ਜੀ ਨਮਸਕਾਰ ਕਰਦੇ ਤੇ ਕਹਿੰਦੇ ਹਨ ਕਿ ਜਿਹੜੇ ਪੁਰਸ਼ ਗੁਰੂ ਦੀ ਚਰਨੀਂ ਲਗੇ ਹਨ, ਉਹਨਾਂ ਦੇ ਮਨਾਂ ਵਿਚ ਸਦਾ ਹੀ ਅਨਹਦ ਸ਼ਬਦ ਦਾ ਆਤਮ-ਸੰਗੀਤ ਹੁੰਦਾ ਰਹਿੰਦਾ ਹੈ।

# ਨਾਮ ਦੀ ਭੁਖ

[ਜਨਮਸਾਖੀ ਮੇਹਰਵਾਨ ਜੀ ਸੋਢੀ]

ਸੰਪਾਦਕ ਪ੍ਰੋ. ਕਿਰਪਾਲ ਸਿੰਘ ਜੀ

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮਾਤਾ ਜੀ ਦੇ ਨਾਲ)

ਜਦ ਗੁਰੂ ਬਾਬਾ ਨਾਨਕੁ ਜੀ ਚੌਬੀਸ ਬਰਸ ਕਾ ਹੂਆ, ਤਬ ਏਕ ਦਿਨਿ ਗੁਰੂ ਬਾਬ
ਨਾਨਕੁ ਜੀ ਨਗਰਿ ਤਲਵੰਡੀ ਦਾਦੇ ਕਾਲੂ ਕੈ ਘਰਿ ਜਬ ਰਹਤਾ, ਮਾਤਾ ਪਿਤਾ ਕੈ ਘਰਿ, ਤ
ਚਉਮਾਸੇ ਕੇ ਦਿਨ ਥੇ ਅਰੁ ਘਟਾਂ ਸਾਵਨ ਕੀ ਉਮੰਡਿ ਉਮੰਡਿ ਲਾਗੀ ਬਰਸਨੈ। ਤਬ ਗੁਰੂ ਬਾ
ਨਾਨਕੁ ਜੀ ਰਾਤਿ ਕੇ ਸਮੇ ਅਪਨੈ ਘਰਿ ਮਹਿ ਬੈਠਾ ਥਾ। ਤਬ ਜਿਉ ਜਿਉ ਮੇਘੁ ਗਰਜਿ ਗਰ
ਬਰਸੈ, ਤਿਉ ਤਿਉ ਗੁਰੂ ਬਾਬੇ ਜੀ ਕਾ ਮਨੁ ਉਮੰਡਿ ਉਮੰਡਿ ਲਾਗਾ ਪਰਮੇਸੁਰ ਜੀ ਕਾ ਜਸੁ ਗਾਵਣੈ
ਤਬ ਗੁਰੂ ਬਾਬੇ ਜੀ ਕਉ ਗਾਵਤੇ ਸੁਨਿ ਕਰਿ ਮਾਤਾ ਕਹਿਆ ਜਿ, "ਬੱਚਾ! ਰੰਚਕ ਇਕੁ ਸੋਵਹਿ ਤ
ਭਲਾ ਹੋਵੈ"। ਜਬ ਏਹੁ ਸਬਦੁ ਮੁਖ ਤੇ ਮਾਤਾ ਜੀ ਕਹਿਆ ਤਬ ਬਬੀਹਾ ਬੋਲਿਆ। ਤਬ ਬਬੀ
ਕਹਿਆ ਜਿ, "ਪ੍ਰਿਉ ਪ੍ਰਿਉ।" ਤਬ ਗੁਰੂ ਬਾਬੇ ਕਹਿਆ ਜਿ, "ਮਾਤਾ ਜੀ! ਮੇਰਾ ਜਿ ਸਰੀਕੁ
ਜ ਜਾਗਦਾ ਹੈ, ਮੈ ਕਿਉ ਕਰਿ ਸੋਵਾ?" ਤਬ ਮਾਤਾ ਜੀ ਕਹਿਆ ਜਿ, "ਬਚਾ! ਸੁ ਤੇਰਾ ਸਰੀ
ਕਵਣ ਹੈ ਜਿਸੁ ਕਾ ਲੀਆ ਤੂ ਜਾਗਤਾ ਹੈ?" ਤਬ ਮਲਾਰ ਰਾਗ ਮਹਿ ਗੁਰੂ ਬਾਬੇ ਨਾਨਕ
ਬਾਨੀ ਬੋਲੀ ਜਿ :

ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ਰਹਾਉ॥

ਤਿਸੁ ਕਾ ਪਰਮਾਰਥੁ :

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਿਹੋ ਮਾਤਾ ਜੀ! ਮੇਰਾ ਸਰੀਕੁ ਏਕੁ ਬਬੀ
ਹੈ"। ਤਬ ਮਾਤਾ ਜੀ ਕਹਿਆ ਜਿ, "ਪੂਤ! ਏਸੁ ਬਬੀਹੇ ਅਰੁ ਮੀਨੇ ਕਉ ਤਉ ਜਲ ਸਾਥਿ ਪ੍ਰੀ
ਹੈ, ਪੂਤ! ਤੇ ਭੀ ਜਲ ਸਾਥਿ ਪ੍ਰੀਤਿ ਹੈ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :

ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਹਰਿਜਨ ਸਬਦਿ ਸੁਹਾਈ ॥੧॥ਰਹਾਉ॥

ਤਿਸੁ ਕਾ ਪਰਮਾਰਥੁ :

ਤਬ ਗੁਰੂ ਬਾਬੇ ਜੀ ਕਹਿਆ ਜਿ, "ਸੁਨਿਹੋ ਮਾਤਾ ਜੀ! ਚਾਤ੍ਰਿਕੁ ਅਰੁ ਮੀਨੇ ਕਉ ਜ
ਹੀ ਤੇ ਸੁਖੁ ਉਪਜਤਾ ਹੈ। ਤਿਉ ਹਰਿ ਕੇ ਜਨ ਕਉ: ਪਰਮੇਸੁਰ ਕੇ ਸਬਦ ਤੇ ਸੁਖੁ ਆਵਤਾ ਹੈ

ਹੈ । ਮਾਤਾ ਜੀ ! ਏਹੁ ਪਾਣੀ ਕਾ ਪਿਆਸਾ ਨਾਹੀ ਸੋਤਾ, ਮਾਤਾ ਜੀ ! ਪਰਮੇਸੁਰ ਕਾ ਪਿਆਸਾ ਹੋਇ ਸਿ ਕਿਉ ਕਰਿ ਸੋਵੈ ?" ਤਬ ਮਾਤਾ ਜੀ ਕਹਿਆ ਜਿ,"ਬਚਾ ! ਏਹੁ ਜਿ ਬਬੀਹਾ ਹੈ ਸਿ ਜਲੁ ਜਬ ਪਾਵੈ ਤਬ ਜਲ ਸਾਥਿ ਅਘਾਵੇ ਤਬ ਹੀ ਸੋਵੈ ।" ਤਬ ਗੁਰੂ ਬਾਬੇ ਕਹਿਆ ਜਿ,"ਏ ਮਾਤਾ ਜੀ ! ਉਹੁ ਤਉ ਤਬ ਸੋਵੈ ਜਬ ਪਾਣੀ ਸੰਉ ਪ੍ਰੀਤਿ ਮਿਟੈ, ਤੰਉ ਹੀ ਸੋਵੈ । ਪਣੁ ਏਹੁ ਜਿ ਪਰਮੇਸੁਰ ਸੰਉ ਪ੍ਰੀਤਿ ਹੈ ਜਿ ਕਬਹੂ ਨਾਹੀ ਉਤਰਤੀ ਜੇ ਉਸੁ ਪ੍ਰੀਤਮ ਕਉ ਭਾਵੈ, ਅਰੁ ਉਹੁ ਪ੍ਰੀਤਿ ਦੇਇ ਤਬ ਉਹ ਤਾਂ ਪ੍ਰੀਤਿ ਉਸ ਤ ਨ ਜਾਇ । ਜਬ ਪ੍ਰੀਤਿ ਨ ਜਾਈ ਤਬ ਨੀਦ ਨ ਪਾਈ" ਤਬ ਮਾਤਾ ਜੀ ਕਹਿਆ ਜਿ, "ਬਚਾ ! ਨੀਂਦ ਜਿ ਹੈ ਸਿ ਕਿਸੈ ਉਪਾਇ ਨਾਹੀ ਕਿਸੀ ਕਉ ਛੋਡਤੀ । ਦਿਖਾ ਪੂਤ ! ਤੇਰੀ ਨੀਦ ਕਿਉ ਕਰਿ ਗਈ ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :

ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥ ੨ ॥
ਨੀਦ ਗਈ ਹਉਮੈ ਤਨਿ ਥਾਕੀ, ਸਚ ਮਤਿ ਰਿਦੈ ਸਮਾਈ ॥ ੩ ॥

ਤਿਸ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਜਬ ਲਉ ਹਉਮੈ ਮਨਿ ਬਸਤੀ ਹੈ, ਤਬ ਲਉ ਪਰਮੇਸੁਰ ਏਸੁ ਮਹਿ ਬਸਤਾ ਨਾਹੀ ॥ ਜਬ ਪਰਮੇਸੁਰ ਏਸ ਮਹਿ ਹੋਤਾ ਹੈ ਤਬ ਏਸ ਕੈ ਮਨਿ ਪਰਮੇਸੁਰ ਕਾ ਪ੍ਰੇਮੁ ਉਪਜਤਾ ਹੈ, ਤਬ ਏਸ ਕੀ ਨੀਦ ਜਾਤੀ ਹੈ । ਮਾਤਾ ਜੀ ! ਹਉਮੈ ਗਈ, ਪਰਮੇਸੁਰ ਸਉ ਪ੍ਰੀਤਿ ਉਪਜੀ, ਮੇਰੀ ਇਉਂ ਕਰਿ ਨੀਂਦ ਗਈ" । ਤਬ ਮਾਤਾ ਜੀ ਕਹਿਆ ਜਿ "ਪੂਤਾ ! ਭਾਵੈ ਕੋ ਬਾਹਰਿ ਜਾਉ, ਭਾਵੈ ਰੂਖੀ ਬਿਰਖੀ ਉਦਿਆਨ ਹੀ ਮਹਿ ਰਹਉ, ਭਾਵੈ ਘਰਿ ਰਹਉ, ਪਣ ਪੂਤਾ ! ਨੀਦ ਅਰੁ ਭੂਖ ਜਾਤੀ ਨਾਹੀ, ਭਾਵੈ ਸਿ ਹੋਇ ।" ਤਬ ਗੁਰੂ ਬਾਬੇ ਹਸਿ ਕਰਿ ਬਾਨੀ ਬੋਲੀ ਜਿ :—

ਰੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥

ਤਿਸੁ ਕਾ ਮਰਮਾਰਥੁ :

ਤਬ ਗੁਰੂ ਬਾਬੇ ਨਾਨਕ ਜੀ ਹਸਿ ਕਰਿ ਕਹਿਆ ਜਿ, "ਮਾਤਾ ਜੀ ਭਾਵੈ ਕੋ ਰੂਖੀ ਜਾਉ, ਭਾਵੈ ਕੋ ਬਿਰਖੀ ਜਾਉ, ਭਾਵੈ ਘਰਿ ਹੋਵਉ, ਭਾਵੈ ਉਦਿਆਨਿ ਹੋਵਉ, ਮੇਰੇ ਮਨਿ ਨਾਮ ਹੀ ਕੀ ਭੂਖ ਹੈ । ਨਾਮ ਹੀ ਪੀਵਉ, ਨਾਮੁ ਹੀ ਖਾਵਉ । ਮੇਰੈ ਇਹੀ ਸੁਭਾਉ ਹੈ ਜਿ ਨਾਮੁ ਹੀ ਪੀਵਉ ਨਾਮ ਹੀ ਖਾਉ । ਨੀਂਦ ਅਰੁ ਭੂਖ ਦੋਵੈ ਗਈ ।" ਤਬ ਮਾਤਾ ਜੀ ਕਹਿਆ ਜਿ,"ਪੂਤ ! ਜੇ ਮਨਿ ਪਰਮੇਸੁਰ ਕੀ ਭੂਖ ਜਬ ਆਈ ਤਉ ਭੀ ਨੀਦ ਅਖੀ ਉਪਜਤੀ ਹੈ " । ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ:-

ਲੋਚਨ ਤਾਰ ਲਲਤਾ ਬਿਲਲਾਤੀ ਦਰਸ਼ਨ ਪਿਆਸ ਰਜਾਈ ॥੫॥

ਤਿਸੁ ਕਾ ਪਰਮਾਰਥੁ:–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਅਖੀ ਤਉ ਦਰਸ਼ਨ ਕੀ ਭੂਖ ਹੈ, ਪਰਮੇਸੁਰ ਕੇ ਨਾਮ ਧਿਆਨ ਮਹਿ ਰਹਤੀਆ ਹੈ, ਅਰੁ ਲਲਿਤਾ ਜਿ ਮੇਰੀ ਜਿਹਬਾ ਹੈ, ਸਿ ਪਰਮੇਸੁਰ

ਕੇ ਨਾਮ ਕਉ ਬਿਲਲਾਤੀ ਹੈ, ਕਿਸ ਕੀ ਨਿਆਂਈ ? ਜਿਉਂ :–

ਪ੍ਰਿਅ ਬਿਨੁ ਸੀਗਾਰ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥

ਤਿਸੁ ਕਾ ਪਰਮਾਰਥੁ :-

ਜਿਉ ਇਸਤ੍ਰੀ ਕੰਉ ਸੀਂਗਾਰੁ ਭਰਤੇ ਬਿਨਾ ਬਿਰਥੇ ਹੈ । ਤਿਉ ਨਾਮੁ ਸਿਮਰਣ ਬਿਨੁ ਜੀਵਣੁ ਮਨੁਖ ਕਾ ਬਿਰਥਾ ਹੈ । ਜਿਉ ਭਰਤੇ ਬਿਨਾ ਬਸਤ੍ਰ ਇਸਤ੍ਰੀ ਕੰਉ ਨਾਹੀ ਸੁਹਾਤੇ ਤਿਉ ਮੁਝ ਕੰਉ ਆਪਣੇ ਸਾਹਿਬ ਬਿਨਾ ਨੀਂਦ ਅਰੁ ਭੂਖ ਨਾਹੀ ਸੁਹਾਤੀ" ।

ਤਬ ਮਾਤਾ ਜੀ ਕਹਿਆ ਜਿ, "ਬਚਾ ਨਾਨਕਾ ! ਵਿਛੋੜੇ ਤੇ ਐਸਾ ਹੀ ਦੁਖੁ ਹੋਇ । ਪਣੁ ਜੇ ਕੋ ਨਾਮੁ ਲੇ ਤਿਸ ਕੀ ਕਵਣ ਗਤਿ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ:-

ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕੰਉ, ਬਿਨੁ ਮਿਲੇ ਨੀਂਦ ਨ ਪਾਈ ॥੭॥

ਤਿਸ ਕਾ ਪਰਮਾਰਥੁ :-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਇਕੁ ਪਲੁ, ਪਲਕ ਭਰਿ, ਬਿਨਾ ਸਾਹਿਬ ਮੇਰਾ ਮਨੁ ਰਹਤਾ ਨਾਹੀ । ਜਬ ਮਿਲੈ ਤਬ ਨੀਦ ਪੜੈ, ਨਾਤਰ ਨਾ ਪੜੈ । ਤਬ ਮਾਤਾ ਜੀ ਕਹਿਆ ਜਿ, "ਬਚਾ ! ਸੈਸਾਰੀ ਜਿ ਪਿਰ ਹੈ ਸਿ ਦੇਖਿ ਕਰਿ ਮਿਲੀਤਾ ਹੈ । ਅਤੈ ਜਿਸੁ ਪਿਰ ਕੰਉ ਤੂ ਚਾਹਤਾ ਹੈ ਸੋ ਤਾ ਨਜੀਕਿ ਨਾਹੀ । ਦੇਖਣ ਸਾਰਖਾ ਉਹ ਅਦਿਸਚੁ ਹੈ, ਤਿਸੁ ਕੰਉ ਤੂ ਕਿਉ ਕਰ ਮਿਲਹਿਗਾ, ਅਰੁ ਕਿਉ ਕਰਿ ਦੇਖਹਿਗਾ ?" ਤਬ ਗੁਰੂ ਬਾਬੇ ਨਾਨਕ ਜੀ ਬਾਣੀ ਬੋਲੀ ਜਿ:—

ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥

ਤਿਸੁ ਕਾ ਪਰਮਾਰਥੁ:–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਿਹੋ ਮਾਤਾ ਜੀ ! ਉਹੁ ਜਿ ਪਰਮੇਸੁਰ ਪਿਰੁ ਹਮਾਰਾ ਹੈ ਸਿ ਸਭਸ ਤੇ ਨੇੜੇ ਹੈ ਦੂਰਿ ਨਾਹੀ, ਪਣੁ ਨਜਰਿ ਨਾਹੀ ਆਵਤਾ । ਨਜਰਿ ਆਵੈ ਸਿ ਕਿਉ ਕਰਿ ਆਵੈ ? ਜਬ ਪੂਰਾ ਸਤਿਗੁਰੂ ਮਿਲੇ ਤਬ ਸਤਿਗੁਰੂ ਦਿਖਾਇ ਦੇਇ । ਮੁਝ ਕੰਉ ਸਤਿਗੁਰੂ ਦਿਖਾਇਆ ਹੈ" । ਤਬ ਮਾਤਾ ਜੀ ਕਹਿਆ ਜਿ, "ਬਚਾ ! ਤੁਮ ਕੰਉ ਜਿ ਸਤਿਗੁਰੂ ਦਿਖਾਇ ਦੀਆ ਅਰ ਦੇਖਿਆ ਸਿ ਕਿਉ ਕਰਿ ਦੇਖਿਆ ? ਤਿਹੁ ਦੇਖੇ ਕਾ ਚਿਹਨੁ ਕਵਣੁ ਜਿਸੁ ਤੇ ਜਾਣੀਐ ਜਿ ਇਨਿ ਦੇਖਿਆ ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ:–

ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥

ਤਿਸੁ ਕਾ ਪਰਮਾਰਥੁ:–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਮਾਤਾ ਜੀ ! ਮਿਲਿਆ ਸਿ ਸਹਜ ਹੀ ਸਾਥਿ ਮਿਲਿਆ ਅਰੁ ਮਿਲੇ ਕਾ ਇਹੁ ਗੁਣੁ ਜਿ ਸੁਖੀ ਹੋਇ ਗੈਆ । ਏਸੁ ਕੰਉ ਜਿ ਤ੍ਰਿਸਨਾ ਜਲਾਵਤੀ ਥੀ ਸਿ ਗੁਰੂ ਕੇ ਸਬਦਿ ਕਰਿ ਕਰਿ ਜਲਿ ਗਈ । ਏਹੁ ਅਚਿੰਤੁ ਭੈਆ । ਏਸ ਕੀ ਤ੍ਰਿਸਨਾ ਬੁਝੀ, ਚਿੰਤਾ ਗਈ।

ਜਬ ਤ੍ਰਿਸ਼ਨਾ ਬੁਝੀ ਤਬ ਕੈਸਾ ਭਇਆ ?

ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥

ਤਿਸੁ ਕਾ ਪਰਮਾਰਥੁ; —

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਏਹ ਜਿ ਪਰਮੇਸੁਰੁ ਹੈ ਤਿਸੁ ਏਹੁ ਮਨੁ ਮੇਰਾ ਮੋਹਿ ਲੈਆ ਹੈ । ਕਿਛੁ ਕੀਮਤਿ ਕਹੀ ਨ ਜਾਈ ਜਿ ਪਰਮੇਸੁਰੁ ਕਵਣੁ ਸਾ ਹੈ, ਅਰ ਸੇਵਕ ਕਵਣੁ ਸਾ ਹੈ ਕਿਛੁ ਬੀਚਾਰੁ ਕੀਆ ਨ ਜਾਈ" । ਤਬ ਮਾਤਾ ਜੀ ਖੁਸੀ ਭਈ ਜਿ; "ਧੰਨਿ ਮੇਰੇ ਭਾਗਿ ! ਜਿਸ ਕਾ ਨਾਨਕੁ ਪੂਤੁ ਹੈ" । ਖੁਸੀ ਹੋਇ ਕਰ ਲਾਗੀ ਅਸੀਸ ਦੇਵਣੇ ਜਿ, "ਏ ਪਰਮੇਸੁਰੁ ! ਤੂ ਨਾਨਕ ਕੀ ਪ੍ਰੀਤਿ ਤੋੜਿ ਨਿਬਾਹਿ" । ਬੋਲਹੁ ਵਾਹਗੁਰੂ ।

ਸਲੋਕੁ ॥

ਮਿਲਿ ਸਤਿਗੁਰ ਤ੍ਰਿਸਨਾ ਬੁਝੀ, ਸਹਿਜ ਮਿਲੈ ਹਰਿ ਰਾਇ ॥
ਜਿਸ ਕੇ ਸੇ ਤਿਸੁ ਕਉ ਮਿਲੇ, ਦਾਸ ਨਾਨਕ ਹਰਿ ਗੁਨ ਗਾਇ ॥੧॥
ਚਾਤ੍ਰਿਕੁ ਪਿਆਸਾ ਬੂੰਦ ਕਾ, ਸੇਵਕ ਨਾਮ ਪਿਆਸਾ ॥
ਅਪੁਨਾ ਦਰਸਨੁ ਦੇਹੁ ਪ੍ਰਭ, ਦਾਸ ਨਾਨਕ ਪੂਰਹੁ ਆਸਾ ॥੨॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ । ਰਾਮ ਸਤਿ, ਗੁਰੂ ਸਤਿ, ਸਤਿਨਾਮ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੧੯॥

# ਮਾਤਾ ਨੂੰ ਦਿਲਾਸਾ

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮਾਤਾ ਜੀ ਦੇ ਨਾਲ)

ਤਬ ਪੰਜਾਬ ਕੀ ਧਰਤੀ ਨਗਰਿ ਤਲਵੰਡੀ ਪਹਿਲੀ ਹੁਬਿ ਜਦ ਪਰਮੇਸੁਰ ਕਾ ਬਿਰਹੁ ਉਪਜਿਆ ਬਾਬੇ ਨਾਨਕ ਜੀ ਕਉ । ਤਬ ਗੁਰੂ ਨਾਨਕ ਬਾਬਾ ਜੋ ਘਰਿ ਮਹਿ ਬੈਠਿ ਰਹਿਆ । ਤਬ ਗੁਰੂ ਬਾਬੇ ਨਾਨਕ ਪਾਸਿ ਮਾਤਾ ਆਈ, ਆਇ ਕਰਿ ਮਾਤਾ ਕਹਿਆ ਜਿ, "ਬਚਾ ਨਾਨਕਾ !" ਤਬ ਬਾਬੇ ਨਾਨਕ ਜੀ ਕਹਿਆ ਜਿ, "ਜੀਉ ਮਾਤਾ !" "ਬੇਟਾ ! ਇਕਿ ਕਲੰਦਰ ਜੇਹੈ ਆਏ ਹੈਨਿ, ਤੀਰਥਾ ਨੋ ਜਾਂਦੇ ਹੈਨਿ । ਮੈਂ ਆਖਿਆ ਜਿ ਅਜੁ ਕਲਿ ਨਾਨਕ ਭੀ ਮੈਨੋ ਛਡਿ ਜਾਇਗਾ, ਏਨਾ ਵਾਂਗਿ ਤੀਰਥੀ। ਬੇਟਾ ! ਤੇਰਾ ਬੈਰਾਗੁ ਰਹੈ ਨਾਹੀ, ਮੈ ਕਹਿਆ ਜਿ ਏਵੈ ਏਨੀ ਮਾਂਵਾਂ ਛਡੀਆਂ ਹੈਨਿ ਤਿਉ ਅਜੁ ਕਲਿ ਨਾਨਕੁ ਭੀ ਏਵੈ ਜਾਗੁ । ਅਸਾ ਨਾਲਿ ਬੋਲਦਾ ਨਾਹੀ, ਚਲਦਾ ਨਾਹੀ, ਸੈਸਾਰ ਦੇ ਸੂਤ ਕਿਸੈ ਵਿਚਿ ਨਾਹੀ,

ੇਦਾਸੁ ਵਾਸੁ ਹੋਇਦਾ ਹੈ ਅਜੁ ਕਲਿ ਦਿਗੰਬਰੁ ਹੋਇ ਜਾਂਦਾ ਹੈ । ਏਨਾਂ ਹੀ ਵਾਂਗਿ ਕਿਨੀ ਤਟੀ ਤੀਰਥੀ ਾਇਗਾ, ਪਣੁ ਬੇਟਾ ਨਾਨਕਾ ! ਏਨੀ ਕਲੰਦਰੀ ਤਾ ਘਰ ਬਾਰ ਛਡੇ, ਪਣੁ ਏਨਾ ਨੂੰ ਕਲੰਦਰਾ ਂਇਆਂ, ਤੀਰਥੀ ਗੋਆਂ ਕਿਛੁ ਪਲੈ ਪਵੈਗਾ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ! ਕਛੁ ਪਲੇ ਨਾ ਪਵੈਗਾ" ਤਬ ਮਾਤਾ ਕਹਿਆ ਜਿ, "ਬਚਾ ! ਕਿਤੁ ਗਲੇ ਕਿਛੁ ਪਲੈ ਨਾ ਪਵੈਗਾ ਏਨਾ ੈ ?" ਤਬ ਬਿਲਾਵਲ ਰਾਗ ਮਹਿ ਬਾਨੀ ਲੇ ਉਠਾ ਗੁਰੂ ਬਾਬਾ ਨਾਨਕੁ ਜਿ.–

ਮਨੁ ਮੰਦਰੁ, ਤਨੁ ਵੇਸ ਕਲੰਦਰ, ਘਟ ਹੀ ਤੀਰਥਿ ਨਾਵਾ ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ, ਬਾਹੁੜਿ ਜਨਮਿ ਨਾ ਆਵਾ ॥੧॥
ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ! ਕਉਣੁ ਜਾਣੈ ਪੀਰ ਪਰਾਈ ॥
ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥

ਤਸ ਕਾ ਪਰਮਾਰਥੁ:–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਏਤੁ ਵਿਧਿ ਪਲੇ ਪਵੈ ਜਿ ਏਹੁ ਜਿ ਨੁ ਦੇਹੀ ਏਹੁ ਮੰਦਰੁ ਕਰੇ । ਏਸੁ ਤਨ ਮੰਦਰ ਹੀ ਮਹਿ ਮਨੁ ਕਲੰਦਰ ਕੈ ਰੂਪਿ ਹੋਇ । ਮਨੁ ਮਾਇਆ ਉ ਨਾ ਲਪਟਾਵੈ । ਬੁਰੇ ਕਰਮ ਕੈ ਨਿਕਟਿ ਨ ਆਵੈ । ਸੁ ਧਰਮੁ ਦਿੜੇ । ਮਾਇਆ ਸੇਉ ਉਦਾਸੁ ਹੈ । ਪਰਮੇਸੁਰ ਕਾ ਸਿਮਰਨੁ ਕਰੈ ਤਬ ਏਸ ਕੇ ਘਟ ਮਹਿ ਅਠਿ ਸਠਿ ਤੀਰਥੀ ਕਾ ਇਸਨਾਨੁ ਹੋਇ ਰਮੇਸੁਰ ਕੇ ਸਿਮਰਨਿ ਮਹਿ ਰਹੈ ਤਬ ਜਾਇ ਜਨਮਿ ਨ ਆਵਈ । ਜਬ ਇਉ ਕਰਿ ਕਰਿ ਭਗਤਿ ਰਨਿ ਤਬ ਏਨ੍ਹਾ ਕੰਉ ਕਿਛੁ ਪਲੇ ਪਵੈ । ਹੁਣਿ ਏ ਜਿ ਤਪੁ ਕਰਦੇ ਹਨ ਏਸੁ ਤਪ ਤੇ ਰਾਜੁ ਪਾਇਨਿਗੇ ਾਜੇ ਹੋਨਗੇ । ਰਾਜ ਤੇ ਨਰਕਿ ਜਾਨਗੇ" । ਤਬ ਮਾਤਾ ਕਹਿਆ ਜੇ, "ਬਚਾ ! ਤੂ ਏਨਾ ਨੋ ਸਮਝਾਇ, ਸੀ ਏਹੁ ਰਾਹੁ ਛਡਹੁ ਨਰਕਿ ਜਾਹੁਗੇ । ਘਰੇ ਸਿਮਰਹੁ ਪਰਮੇਸੁਰੁ । ਤੂ ਏਨਾ ਨੋ ਸਮਝਾਇ ਬਚਾ !" ਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਜਿਉ ਅਸਾਡੇ ਮਨਿ ਆਈ ਹੈ ਤਿਉ ਅਸੀ ਰਦੇ ਹਾਂ । ਜਿਉ ਏਨਾ ਦੇ ਮਨਿ ਆਈ ਹੈ ਤਿਉ ਏਹਿ ਕਰਦੇ ਹੈਨਿ । ਅਸਾਡੇ ਮਨ ਕੀ ਕੋਈ ਜਾਣਦਾ ਾਹੀ, ਪਰਾਈ ਹਮ ਨੋ ਚਿੰਤਾ ਨਾਹੀ । ਮੇਰਾ ਮਨੁ ਜਿ ਹੈ ਸਿ ਪਰਮੇਸੁਰ ਦਇਆਲ ਪੁਰਖ ਨਾਲਿ ਹੈ, ਏਨ੍ਹਾਂ ਦੀ ਗਲਿ ਓਹਿ ਜਾਣਨਿ, ਹਮ ਨੋ ਕਿਆ ਹੈ ਜਿ ਪਰਾਈ ਚਿਤਾ ਕਰਹਿ ।" ਤਬ ਮਾਤਾ ਕਹਿਆ ਜਿ, "ਬਚਾ ! ਤੂ ਤਾਂ ਚਿਤਾ ਕਿਸੇ ਦੀ ਨਾਹੀ ਕਰਦਾ, ਤੂ ਭੀ ਘਰਿ ਬਾਰਿ ਧੰਧਾ ਛਡ ਬੈਠਾ ਹਹਿ । ਤੇਰੀ ਚਿੰਤਾ ਕਵਣੁ ਕਰੈਗਾ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਬਾਨੀ ਬੋਲੀ ਜਿ.–

ਅਗਮ ਅਗੋਚਰ ਅਲਖ ਅਪਾਰਾ, ਚਿੰਤਾ ਕਰਹੁ ਹਮਾਰੀ ॥
ਜਲਿ ਥਲਿ ਮਹੀਅਲਿ ਭਰ ਪੁਰਿ ਲੀਣਾ, ਘਟਿ ਘਟਿ ਜੋਤਿ ਤੁਮ੍ਹਾਰੀ ॥੨॥

ਤਿਸੁ ਕਾ ਪਰਮਾਰਥੁ:-

ਤਬ ਗੁਰੂ ਬਾਬੇ ਨਾਨਕ ਸੀ ਕਹਿਆ ਜਿ, "ਏ ਮਾਤਾ ਜੀ ! ਜਿਸ ਦਾ ਨਾਮੁ ਅਗੰਮੁ ਹੈ ਅਰੁ ਜਿਸਦਾ ਨਾਮੁ ਅਗੋਚਰੁ ਪਰਮੇਸੁਰੁ ਹੈ, ਜਿਸ ਕਾ ਨਾਮੁ ਅਲਖੁ ਹੈ, ਜਿਸ਼ਕਾ ਨਾਮੁ ਅਪਾਰੁ ਪੁਰਖੁ ਹੈ, ਸੋਈ ਮੇਰੀ ਚਿਤਾ ਕਰੈਗਾ, ਉਹੀ ਸਮਝਾਵੇਗਾ, ਉਹੀ ਖਵਾਵੇਗਾ, ਉਹੀ ਉਪਦੇਸੇਗਾ, ਮਾਤਾ ਜੀ ! ਉਸ ਹੀ

ਕੰਉ ਮੇਰੀ ਚਿੰਤਾ ਹੈ" । ਤਬ ਮਾਤਾ ਜੀ ਕਹਿਆ ਜਿ, "ਬਚਾ ਨਾਨਕਾ ! ਅਲਖੁ ਪੁਰਖੁ ਸੋਈ ਹੈ ਜਿ ਦ੍ਰਿਸਟਿ ਨ ਆਈ" । "ਹਾਂ ਮਾਤਾ ਜੀ ! ਅਲਖੁ ਸੋਈ ਹੈ ਜਿ ਨਜਰਿ ਨ ਆਈ' । ਤਬ ਮਾਤਾ ਜੀ ਕਹਿਆ, "ਬਚਾ ਨਾਨਕਾ ! ਨਜਰਿ ਆਵੈ ਨਾਹੀ, ਸਿ ਤੁਧਨੋ ਕਿਉ ਕਰ ਨਜਰਿ ਆਇਆ ਜੋ ਪਰਮੇਸੁਰੁ ਹੈ ?" ਤਦ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਮੈਂ ਉਸ ਕੀ ਘਟਿ ਘਟਿ ਮਹਿ ਜੋਤਿ ਨਜਰਿ ਆਈ, ਜੋ ਘਟਿ ਘਟਿ ਸਾਥਿ ਵਸਤਾ ਹੈ, ਜੀਅ ਜੀਅ ਕੰਉ ਪ੍ਰਤਪਾਲਦਾ ਹੈ, ਹਮਾਰੀ ਚਿੰਤਾ ਕਰੇਗਾ ਉਹੀ" । ਤਬ ਮਾਤਾ ਜੀ ਕਹਿਆ ਜਿ, "ਬਚਾ ਨਾਨਕਾ ! ਜਿਤਨਾ ਸੰਸਾਰੁ ਹੈ ਤਿਤਨਾ ਸਭੁ ਕੋਈ ਕਹਦਾ ਹੈ ਜਿ ਹੰਉ ਹੀ ਸਿਆਣਾ ਹੰਉ, ਹੰਉ ਹੀ ਬੁਧੀਆ ਹੰਉ, ਹਵੈ ਹੀ ਮਤੀ ਭਰਿਆ ਹਾਂ, ਹੰਉ ਹੀ ਖਟਦਾ ਹਾਂ, ਹੰਉ ਹੀ ਘਾਲਦਾ ਹਾਂ । ਮੇਰੇ ਘਰਿ, ਮੇਰੇ ਬਾਰ, ਜਿਤਨਾ ਕੋੜਮਾ ਹੈ ਸੁ ਸਭੁ ਮੇਰੀ ਛਾਇਆ ਬਸਤਾ ਹੈ । ਏਵ ਕੋਈ ਨਾਹੀ ਕਹਦਾ ਜਿ ਪਰਮੇਸੁਰ ਪਾਲਦਾ ਹੈ । ਸਭੁ ਕੋ ਕਹਦਾ ਹੈ ਜਿ ਹੰਉ ਪਾਲਦਾ ਹਾਂ । ਬੇਟਾ ਨਾਨਕਾ ! ਪਰਮੇਸੁਰੁ ਪਾਲਦਾ ਹੈ ਤਾ ਮਨੁਖੁ ਏਵ ਕਿਉ ਕਹਦੇ ਹੈਨਿ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਅਰੁ ਬਾਨੀ ਬੋਲੀ ਜਿ:-

ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੨॥

ਤਿਸ ਕਾ ਪਰਮਾਰਥੁ:-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੋ, "ਮਾਤਾ ਜੀ ! ਮਨੁਖ ਕੀ ਸਿਆਣਪ ਕਿਛੁ ਨਾਹੀ, ਮਨੁਖ ਕੀ ਮਤਿ ਕਿਛੁ ਨਾਹੀ, ਮਨੁਖ ਕੀ ਬੁਧਿ ਕਿਛੁ ਨਾਹੀ । ਜਬ ਉਹ ਆਪਣੀ ਬੁਧਿ ਦੇ ਤਬ ਸਭਿ ਬੁਧੀ ਸਿਆਂਣਪਾਂ ਆਇ ਮਨਿ ਵਸਿਨਿ । ਜੀਅ ਜਿ ਹੈ ਸਿ ਸਭਿ ਉਸਿ ਕੇ ਹਹਿ, ਘਰਿ ਬਾਰ ਜਿਤਨਾ ਕਿਛੁ ਹੈ ਸਿ ਸਭੁ ਉਸ ਹੀ ਕਾ ਦੀਆ ਹੈ । ਮਨੁਖ ਕਾ ਕਿਛੁ ਨਾਹੀ, ਉਸ ਹੀ ਕਾ ਦੀਆ ਹੈ । ਸਾਸੁ ਗਰਾਸੁ ਸੁਖੁ ਸੰਪਉ ਉਸ ਹੀ ਕਾ ਦੀਆ ਹੈ । ਜੀਉ ਪ੍ਰਾਣ ਸਭਿ ਉਸ ਹੀ ਕੇ ਦੀਏ ਹੈ । ਕਉਣੁ ਕਉਣੁ ਗੁਣੁ ਉਸੁ ਸਾਹਿਬ ਕਾ ਕਹਉਂ ? ਓਹ ਜਿਹਬਾ ਨਾਹੀ ਜਿਸੁ ਕਰਿ ਕਰਿ ਸਾਹਿਬ ਕੇ ਗੁਣ ਮੇਰੈ ਬੁਤੇ ਹੋ ਜਾਂਹਿ । ਉਸੁ ਬਿਨਾ ਹੋਰੁ ਕਉਣੁ ਜਿ ਜੀਆਂ ਕੋਉ ਪ੍ਰਤਪਾਲੇ ? ਦੇਣਹਾਰੁ ਤਾਂ ਸਾਹਿਬੁ । ਜੇ ਤਾਂ ਮਤਿ ਦੇ ਤਾਂ ਸਾਹਿਬੁ, ਜੇ ਬੁਧਿ ਦੇ ਤਾਂ ਸਾਹਿਬੁ, ਸੁਖੁ ਦੇ ਤਾਂ ਸਾਹਿਬ । ਉਸੁ ਸਾਹਿਬ ਬਿਨਾ, ਮਾਤਾ ਜੀ ! ਮੇਰੈ ਮਨਿ ਹੋਰੁ ਕਿਛੁ ਨਾਹੀ ਆਵਤਾ, ਜੋ ਬਿਨਾ ਪਰਮੇਸੁਰ ਤੇ ਕੋਈ ਹੋਰ ਭੀ ਹੈ । ਜੋ ਕਿਛੁ ਕਰੈ ਸਿ ਸਾਹਿਬੁ ਕਰੇ" । ਤਬ ਮਾਤਾ ਜੀ ਕਹਿਆ ਜਿ, "ਬਚਾ ਨਾਨਕਾ ! ਜਾਂ ਸਭਨਾ ਜੀਆਂ ਦੀ ਸਾਰ ਕਰਦਾ ਹੈ ਤਾਂ ਇਕਿ ਚੰਗੇ ਕਿਉ ਹੈਨਿ, ਇਕਿ ਮੰਦੇ ਕਿਉ ਹੈਨਿ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਬਾਨੀ ਬੋਲੀ ਜਿ;-

ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥

ਤਿਸ ਕਾ ਪਰਮਾਰਥੁ:-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਜਿਤਨੇ ਜੀਅ ਹੈਨਿ ਸਿ ਸਭਿ ਉਸ

ਕੇ ਹੈਨਿ । ਸਭਨਾ ਦੀ ਚਿੰਤਾ ਰੋਟੀ ਕਪੜੇ ਦੀ ਆਪੇ ਕਰਦਾ ਹੈ। ਸਭਨਾ ਨੋ ਆਪੇ ਪਹੁਚਾਇਦਾ ਹੈ। ਾਤਾ ਜੀ ! ਪਣੁ ਜਿ ਜੀਉ ਉਸੁ ਸਾਹਿਬ ਨੋ ਭਾਵਦਾ ਹੈ, ਸੋਈ ਭਲਾ ਚੰਗਾ ਹੋਦਾ ਹੈ। ਉਸਿ ਪਿਛੈ ਹੋਰੁ ਹਾਨੁ ਹੋਰਿ ਜੀਅ ਲਗਾਇ ਦੇਦਾ ਹੈ । ਉਸ ਨੋ ਸਭੁ ਕੋ ਭਲਾ ਭਲਾ ਆਖਦਾ ਹੈ' । ਤਬ ਮਾਤਾ ਜੀ ਹਿਆ ਜਿ, "ਬਚਾ ਨਾਨਕਾ ! ਜਾ ਸਭਿ ਜੀਅ ਉਸੈ ਸਾਹਿਬ ਦੇ, ਇਕਨਾ ਨੋ ਕਿਉ ਸਭਿਆਰਿ ਬਹਲਾ ਣਾ ਦੇਦਾ ਹੈ ? ਅਰੁ ਇਕਿ ਕਿਉ ਪਿੰਨਦੇ ਫਿਰਦੇ ਹੈਨਿ । ਸਭਨਾ ਨੋ ਇਕੋ ਜੇਹਾ ਪਹੁਚਾਇਉਸੁ ਾਹੀ" । ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਮਾਤਾ ਜੀ ! ਉਹੁ ਭਾਣੇ ਦਾ ਸਾਹਿਬੁ, ਓਸੁ ਾਲਿ ਜੋਰੁ ਨਾਹੀ ਬਣਦਾ। ਅਰਦਾਸ ਹੀ ਕਰਣੀ ਜੇ ਭਾਵੈ ਸੁ ਤਾਂ ਅਰਦਾਸਿ ਸੁਣੇ । ਨਾਹਿ-ਤਾ ਜਿਉ ਵੈ ਸਾਹਿਬ ਤਿਉ ਕਰੇ । ਅਤੇ ਸੋਈ ਹੀ ਚੰਗਾ ਜੇ ਸਾਹਿਬ ਨੋ ਭਾਵੈ" । ਤਬ ਮਾਤਾ ਜੀ ਕਹਿਆ , "ਬਚਾ ! ਉਸ ਪਰਮੇਸੁਰ ਦੀਆਂ ਗਲਾਂ ਤੂਹੈ ਹੀ ਜਾਣਹਿ, ਪਰੁ ਅਸਾਡੀ ਕਿਵੈ ਸਰਮਾ ਰਹੈ ਤਾ ਲਾ ਹੋਇ" । ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਤੁਸਾਡੇ ਪਿਛੈ ਹੋਰਨਾ ਦੀ ਭੀ ਜਾ ਰਹੈਗੀ" 'ਤਬ ਮਾਤਾ ਜੀ ਕਹਿਆ ਜਿ, "ਏ ਬਚਾ ! ਗਲ ਮੇਰੈ ਜੀ ਹੈ ਜਿ ਕਿਵੈ ਹੀ ਅਸਾਡੀ ਜਾ ਰਹੇਗੀ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪਰਮੇਸੁਰੁ ਲਜਾ ਰਖੈਗਾ" । ਤਬ ਜਾਇ ਤਾ ਕੈ ਮਨਿ ਸੰਤੋਖੁ ਆਇਆ । ਬੋਲਹੁ ਭਾਈ ਜੀ ਵਾਹਗੁਰੂ ।

## ਸਲੋਕੁ

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਦਾਸ ਸੋਈ ਭਲਾ ਜੋ ਕਰਿ ਵੇਖੈ ਸੋਇ ॥੩॥

ਬੋਲਹੁ ਭਾਈ ਜੀ ਵਾਹਗੁਰੂ, ਧੰਨ ਗੁਰੂ; ਸਤਗੁਰੂ, ਰਾਮੁ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਰਖੁ ਸਤਿਗੁਰੂ ਪਰਸਾਦਿ ॥੨੦॥

# ਖੁਸ਼ਖਬਰੀ

ਮਨਸੂਰਾਂ ਅਸਥਾਨ ਦੇ ਨਾਲ ਲਗਦੇ ਪਲਾਟ ਜ਼ਮੀਨ ਦੇ ਬਾਬਾ ਜੀ ਨੇ ਗੁਰ-ਗੱਦੀ ਬਾਬਾ ਾਹਿਬ ਸਿੰਘ ਜੀ ਦੇ ਨਾਉਂ ਤੇ ੭੦੦੦ ਰੁਪਏ ਦੇ ਖ੍ਰੀਦ ਕੇ ਦਮਦਮਾ ਅਸਥਾਨ ਨਾਲ ਰਕਬਾ ਾਮਲ ਕਰ ਦਿਤਾ ਹੈ । ਸੰਗਤਾਂ ਨੂੰ ਦੇਖਕੇ ਬੜੀ ਪ੍ਰਸੰਤਾ ਤੇ ਖੁਸ਼ੀ ਹੋਈ ।

# ਜਦ ੧੮੦੧ ਵਿਚ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਤਿਲਕ ਲਾਇਆ

## ਊਨਾ ਦਾ ਬੇਦੀ ਖਾਨਦਾਨ ਜਿਸ ਨੂੰ ਕਈ ਰਾਜੇ ਆਪਣਾ ਧਾਰਮਿਕ ਗੁਰੂ ਮੰਨਦੇ ਹਨ ਮੁਕੰਮਲ ਸਿਖ ਉਹ ਹੈ ਜੋ ਸੰਤ ਵੀ ਹੋਵੇ ਤੇ ਸਿਪਾਹੀ ਵੀ ਬਣ ਸਕੇ

ਬਾਬਾ ਸਾਹਿਬ ਸਿੰਘ ਬੇਦੀ ਖਾਲਸਾ ਰਾਜ ਦੀ ਇਕ ਮਹਾਨ ਸ਼ਖਸੀਅਤ ਉਤਮ ਧਾਰਮਿਕ ਜੀਵਨ ਵਾਲੇ ਅਤੇ ਮੁਕੰਮਲ ਸੰਤ ਸਿਪਾਹੀ ਜਰਨੈਲ ਸਨ। ਜਿਤਨੀਆਂ ਖੂਬੀਆਂ ਵਾਲੀ ਸ਼ਖਸੀਅਤ ਬਾਬਾ ਸਾਹਿਬ ਸਿੰਘ ਜੀ ਦੀ ਸੀ, ਸ਼ਾਇਦ ਹੀ ਸਿਖ ਰਾਜ ਦੇ ਜ਼ਮਾਨੇ ਵਿਚ ਹੋਰ ਕਿਸੇ ਦੀ ਹੋਵੇ। ਉਨ੍ਹਾਂ ਦੀ ਉਚਤਾ ਦਾ ਇਕ ਹੀ ਸਬੂਤ ਕਾਫੀ ਹੈ ਕਿ ੧੮੦੧ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਮਹਾਰਾਜਗੀ ਮਿਲੀ, ਉਸ ਵਕਤ ਤਿਲਕ ਲਾਣ ਅਤੇ ਸ਼ਾਹੀ ਰਸਮ ਸੰਪੂਰਨ ਕਰਨ ਦਾ ਮਾਨ ਬਾਬਾ ਸਾਹਿਬ ਸਿੰਘ ਜੀ ਨੂੰ ਹੀ ਮਿਲਿਆ। ਉਸ ਜ਼ਮਾਨੇ ਵਿਚ ਜਦ ਵੀ ਖਾਲਸਾ ਦੇ ਆਪਸੀ ਝਗੜੇ ਖੜੇ ਹੁੰਦੇ ਤਾਂ ਉਸ ਸਮੇਂ ਬਾਬਾ ਸਾਹਿਬ ਸਿੰਘ ਜੀ ਨੂੰ ਹੀ ਸਭ ਧੜੇ ਸਾਲਸ ਪ੍ਰਵਾਨ ਕਰਦੇ ਤੇ ਜੋ ਫੈਸਲਾ ਆਪ ਦਿੰਦੇ ਸਭ ਨੂੰ ਸਿਰ ਮਥੇ ਮੰਨਣਾ ਪੈਂਦਾ।

ਪੰਜਾਬ ਵਿਚ ਹਜ਼ਾਰਾਂ ਲੋਕ ਬਾਬਾ ਸਾਹਿਬ ਸਿੰਘ ਜੀ ਨੂੰ ਆਪਣਾ ਗੁਰੂ ਮੰਨਦੇ ਸਨ ਅਤੇ ਹੁਣ ਵੀ ਉਨ੍ਹਾਂ ਦੀ ਗੱਦੀ ਦੇ ਗੱਦੀਦਾਰਾਂ ਨੂੰ ਉਸੇ ਸਤਿਕਾਰ ਨਾਲ ਸਿਰ ਨਿਵਾਂਦੇ ਹਨ। ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਉਹ ਜੰਗ ਦੇ ਮੈਦਾਨ ਵਿਚ ਵੀ ਇਕ ਕਾਮਯਾਬ ਸੂਰਬੀਰ ਅਤੇ ਮੁਕੰਮਲ ਜਰਨੈਲ ਵੀ ਸਨ। ਉਨ੍ਹਾਂ ਦੀ ਕਮਾਨ ਹੇਠ ਖਾਲਸਾ ਜੀ ਨੇ ਜੋ ਵੀ ਮੁਹਿੰਮਾਂ ਚਲਾਈਆਂ ਉਨ੍ਹਾਂ ਸਭ ਵਿਚ ਹਮੇਸ਼ਾ ਕਾਮਯਾਬੀ ਪ੍ਰਾਪਤ ਕਰਦੇ ਰਹੇ। ਉਨ੍ਹਾਂ ਨੂੰ ਸਿਖ ਜਰਨੈਲਾਂ ਦੀ ਸੂਚੀ ਲੜੀ ਦਾ ਇਕ ਕੀਮਤੀ ਮੋਤੀ ਕਿਹਾ ਜਾ ਸਕਦਾ ਹੈ।

ਬਾਬਾ ਸਾਹਿਬ ਸਿੰਘ ਜੀ ਦੁਆਬੇ ਦੇ ਮਸ਼ਹੂਰ ਕਸਬੇ ਊਨਾ ਦੇ ਰਹਿਣ ਵਾਲੇ ਸਨ। ਇਸੇ ਅਸਥਾਨ ਤੇ ਉਨ੍ਹਾਂ ਦਾ ਜਨਮ ਬਾਬਾ ਅਜੀਤ ਸਿੰਘ ਜੀ ਦੇ ਘਰ ਹੋਇਆ ਜੋ ਉਸ ਜ਼ਮਾਨੇ ਦੇ ਮਸ਼ਹੂਰ ਕਥਾਕਾਰ ਸਨ। ਬਾਬਾ ਅਜੀਤ ਸਿੰਘ ਪ੍ਰਸਿਧ ਧਾਰਮਿਕ ਆਲਮ ਦੇ ਤੌਰ ਪੁਰ ਇਤਨੇ ਮਸ਼ਹੂਰ ਹੋਏ ਕਿ ਕਈ ਪਹਾੜੀ ਰਾਜੇ ਉਨ੍ਹਾਂ ਦੇ ਚੇਲੇ ਬਣ ਗਏ ਤੇ ਕਾਫੀ ਜਾਗੀਰਾਂ ਇਨ੍ਹਾਂ ਦੇ ਨਾਮ ਲਾ ਦਿਤੀਆਂ। ਆਪ ਗੁਰੂ ਨਾਨਕ ਜੀ ਦੀ ਬਸ ਵਿਚੋਂ ਸਨ, ਇਸ ਕਾਰਣ ਵੀ ਆਪ ਦੀ ਆਦਰ ਸਤਿਕਾਰ ਸੀ ਤੇ ਦੂਜਾ ਕਾਰਣ ਏਹ ਸੀ ਕਿ ਆਪ ਖੁਦ ਧੁਰੰਤਰ ਵਿਦਵਾਨ ਸਨ। ਬਾਬਾ ਸਾਹਿਬ

ਸਿੰਘ ਜੀ ਵੀ ਆਪਣੇ ਪੂਜਯ ਪਿਤਾ ਦੀ ਤਰ੍ਹਾਂ ਬਹੁਤ ਚੰਗੀ ਕਥਾ ਕਰਨ ਲਗ ਪਏ। ਬੜੀ ਦੂਰ ਦੂਰ ਤੋਂ ਸੰਗਤਾਂ ਊਨੇ ਵਿਚ ਬਾਬਾ ਸਾਹਿਬ ਸਿੰਘ ਜੀ ਦੀ ਕਥਾ ਸੁਣਨ ਵਾਸਤੇ ਆਉਣ ਲਗੀਆਂ। ਫਿਰ ਆਪ ਨੂੰ ਦੂਰ ਦੂਰ ਦੀਆਂ ਸੰਗਤਾਂ ਆਪਣੇ ਪਿੰਡਾਂ ਸ਼ਹਿਰਾਂ ਵਿਚ ਦਰਸ਼ਨਾਂ ਹਿਤ ਸੱਦੇ ਪਤਰ ਭੇਜਕੇ ਬੁਲਾਂਦੇ। ਇਨ੍ਹਾਂ ਦੀ ਆਮਦ ਤੇ ਹਜ਼ਾਰਾਂ ਸੰਗਤਾਂ ਮਾਈ ਭਾਈ ਕਈ ਕਈ ਕਹ ਅਗੇ ਜਾਕੇ ਢੋਲਕੀਆ ਛੈਣਿਆਂ ਸਹਿਤ ਸਬਦ ਕੀਰਤਨ ਕਰਦੇ ਸਵਾਗਤ ਲਈ ਪਹੁੰਚਦੀਆਂ ਤੇ ਇਸੇ ਤਰ੍ਹਾਂ ਵਿਦਾਇਗੀ ਵੇਲੇ ਵੀ ਸ਼ਬਦ ਕੀਰਤਨ ਕਰਦੀਆਂ ਕਈ ਕਈ ਕੋਹ ਛਡਣ ਲਈ ਨਾਲ ਜਾਂਦੀਆਂ। ਬਾਬਾ ਜੀ ਜਿਥੇ ਵੀ ਸੰਗਤਾਂ ਦੇ ਸੱਦੇ ਪੁਰ ਜਾਂਦੇ ਬੜੇ ਭਾਰੀ ਦੀਵਾਨ ਲਾਕੇ ਧਰਮ ਪ੍ਰਚਾਰ ਅਤੇ ਸੂਰਬੀਰਤਾ ਦੇ ਵਖਿਆਨ ਆਦਿ ਹੁੰਦੇ। ਇਲਾਕਿਆਂ ਦੀਆਂ ਹਜ਼ਾਰਾਂ ਸੰਗਤਾਂ ਮੇਲੇ ਸਮਾਨ ਜੁੜਦੀਆਂ ਤੇ ਆਪ ਦੀ ਚਰਨ ਛੋਹ ਪ੍ਰਾਪਤ ਕਰਕੇ ਨਿਹਾਲ ਹੁੰਦੀਆਂ। ਜਿਨੇ ਦਿਨ ਬਾਬਾ ਜੀ ਉਥੇ ਰਹਿੰਦੇ ਚਵੀ ਘੰਟੇ ਲੰਗਰ ਚਲਦੇ ਜਿਨ੍ਹਾਂ ਵਿਚ ਕੜਾਹ ਪ੍ਰਸ਼ਾਦ ਅਤੇ ਖੀਰਾਂ ਦੇ ਖੁਲ੍ਹੇ ਭੰਡਾਰੇ ਵਰਤਦੇ।

ਬਾਬਾ ਸਾਹਿਬ ਸਿੰਘ ਜੀ ਦਾ ਨਿਸਚਾ ਸੀ—ਇਕ ਮੁਕੰਮਲ ਸਿਖ ਕੇਵਲ ਧਾਰਮਿਕ ਤੌਰ ਪੁਰ ਉਚਾ ਹੋਣ ਨਾਲ ਹੀ ਨਹੀਂ ਬਣ ਸਕਦਾ, ਬਲਕਿ ਸੰਤ ਦੇ ਨਾਲ ਨਾਲ ਉਸਦਾ ਸਿਪਾਹੀ ਹੋਣਾ ਵੀ ਬਹੁਤ ਲਾਜ਼ਮੀ ਹੈ। ਸੋ ਆਪ ਨੇ ਜੁਆਨੀ ਵਿਚ ਘੋੜ ਸਵਾਰੀ ਤੇ ਤਲਵਾਰ ਕਟਾਰ ਆਦਿ ਸ਼ਸਤਰ ਚਲਾਣ ਦੇ ਤਰੀਕੇ ਸਿਖ ਲਏ ਤੇ ਬਾਕਾਇਦਾ ਉਸਤਾਦ ਧਾਰਨ ਕਰਕੇ ਉਨ੍ਹਾਂ ਦੀ ਰਹਿਨੁਮਾਈ ਵਿਚ ਜੰਗਾਂ ਵਿਚ ਜਿੱਤਾਂ ਪ੍ਰਾਪਤ ਕਰਨ ਦੀਆਂ ਧਾਰਨਾਂ ਤੋਂ ਚੰਗੀ ਤਰ੍ਹਾਂ ਤਾਕ ਹੋ ਗਏ। ਊਨੇ ਵਿਚ ਨਿਤਾ ਪ੍ਰਤੀ ਸ਼ਸ਼ਤਰ ਸਿਖਲਾਈ ਦੇ ਅਖਾੜੇ ਲਗੇ ਰਹਿੰਦੇ ਤੇ ਦੂਰ ਦੂਰ ਤੋਂ ਮਾਹਰ ਉਸਤਾਦ ਸਿਖਲਾਈ ਕਰਾਂਦੇ ਜਿਨ੍ਹਾਂ ਨੂੰ ਬਾਬਾ ਜੀ ਵਲੋਂ ਬੜੇ ਆਦਰ ਸਤਿਕਾਰ ਅਤੇ ਮਾਇਆ ਦੇ ਗੱਫੇ ਦਿਤੇ ਜਾਂਦੇ। ਆਪ ਬਾਰੇ ਮਸ਼ਹੂਰ ਸੀ ਕਿ ਆਪ ਕਿਸੇ ਦਾ ਲਿਹਾਜ਼ ਨਹੀਂ ਕਰਦੇ ਬਲਕਿ ਸਭ ਨੂੰ ਇਕੋ ਜਿਹਾ ਸਮਝ ਕੇ ਉਸ ਨਾਲ ਵਿਵਹਾਰ ਕਰਦੇ। ਇਸੇ ਲਈ ਰਾਜੇ ਮਹਾਰਾਜੇ ਵੀ ਆਪਸ ਦੇ ਗੁਆਂਢੀਆਂ ਨਾਲ ਜਾਂ ਘਰੇਲੂ ਝਗੜਿਆਂ ਦੇ ਫੈਸਲੇ ਬਾਬਾ ਜੀ ਦੇ ਹਜ਼ੂਰ ਹਾਜ਼ਰ ਹੋਕੇ ਕਰਾਂਦੇ।

ਇਕ ਵਾਰ ਆਪ ਜਸਵਾਲ ਅਤੇ ਸੰਤੋਖਗੜ੍ਹ ਦੇ ਰਾਜਿਆਂ ਵਿਚਾਲੇ ਉਠੇ ਘੋਰ ਝਗੜੇ ਦਾ ਨਬੇੜਾ ਕਰਕੇ ਸੁਲ੍ਹਾ ਸਫਾਈ ਕਰਾ ਦਿਤੀ। ਜਦੋਂ ਕਿ ਦੋਹਾਂ ਧਿਰਾਂ ਦੀਆਂ ਫੌਜਾਂ ਮੈਦਾਨਿਜੰਗ ਵਿਚ ਆਮ੍ਹੋ ਸਾਮ੍ਹਣੇ ਲੜ ਮਰਨ ਲਈ ਖੜੀਆਂ ਸਨ।

ਜਦ ਮਹਾਰਾਜਾ ਰਣਜੀਤ ਸਿੰਘ ਨੇ ੧੭੯੯ ਵਿਚ ਲਾਹੌਰ ਪੁਰ ਕਬਜ਼ਾ ਕੀਤਾ ਤਾਂ ਅਗਲੇ ਸਾਲ ੧੮੦੦ ਵਿਚ ਆਪਣਾ ਖਾਸ ਏਲਚੀ ਊਨਾ ਸਾਹਿਬ ਵਿਚ ਬਾਬਾ ਸਾਹਿਬ ਸਿੰਘ ਪਾਸ ਭੇਜੇ ਕਿ ਖਾਲਸਾ ਰਾਜ ਨੂੰ ਸੰਪੂਰਣ ਸ਼ਕਲ ਦੇਣ ਲਈ ਆਪ ਲਾਹੌਰ ਪਧਾਰ ਕੇ ਅਸ਼ੀਰਵਾਦ ਦੇਣ। ਬਾਬਾ ਜੀ ਆਪ ਵੀ ਚਾਹੁੰਦੇ ਸਨ ਕਿ ਸ਼ਖਸੀ ਨਹੀਂ ਬਲਕਿ ਸਾਂਝਾ ਸਿਖ ਰਾਜ ਕਾਇਮ ਹੋਵੇ, ਸੁ ਉਹ ਲਾਹੌਰ ਪਹੁੰਚੇ। ਆਪ ਦਾ ਸ਼ਾਹੀ ਸਵਾਗਤ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਆਪ ਉਨ੍ਹਾਂ ਦੇ ਸਵਾਗਤ ਵਾਸਤੇ ਲਾਹੌਰ ਸ਼ਹਿਰ ਤੋਂ ਬਾਹਰ ਆਕੇ ਸਵਾਗਤ ਕੀਤਾ ਤੇ ਨਾਲ ਲਿਜਾ ਕੇ ਸ਼ਾਹੀ ਕਿਲ੍ਹੇ ਵਿਚ ਆਪ ਦੇ ਬਿਰਾਜਣ ਦਾ ਸੁਹਾਵਣਾ ਪ੍ਰਬੰਧ ਕਰਾਇਆ। ਅਜੇਹਾ

ਸਵਾਗਤ ਮਹਾਰਾਜਾ ਨੇ ਸਾਰੀ ਉਮਰ ਕਿਸੇ ਹੋਰ ਹਸਤੀ ਦਾ ਨਹੀਂ ਕਰਾਇਆ।

੧੩ ਅਪ੍ਰੈਲ ੧੮੦੧ ਨੂੰ ਲਾਹੌਰ ਕਿਲ੍ਹੇ ਵਿਚ ਦਰਬਾਰ ਹੋਇਆ। ਉਸ ਵਿਚ ਬਾਬਾ ਸਾਹਿਬ ਸਿੰਘ ਜੀ ਨੇ ਹੀ ਅਰਦਾਸਾ ਕੀਤਾ ਤੇ ਮਹਾਰਾਜਾ ਦੀ ਪਦਵੀ ਰਣਜੀਤ ਸਿੰਘ ਨੂੰ ਦੇਣ ਦਾ ਐਲਾਨ ਕਰਕੇ ਸਾਰੀ ਰਸਮ ਆਪਣੇ ਹਥੀਂ ਸੰਪੂਰਨ ਕੀਤੀ। ਇਸ ਤੋਂ ਉਪ੍ਰੰਤ ਮਹਾਰਾਜਾ ਨੂੰ ਜਦੋਂ ਵੀ ਕੋਈ ਔਕੜ ਵੇਲੇ ਸਲਾਹ ਮਸ਼ਵਰੇ ਦੀ ਲੋੜ ਪਈ ਆਪ ਨੇ ਬਾਬਾ ਸਾਹਿਬ ਸਿੰਘ ਜੀ ਦਾ ਹੀ ਦਰਵਾਜ਼ਾ ਖੜਕਾਇਆ।

ਮਲੇਰਕੋਟਲੇ ਵਿਚ ਇਕ ਵਾਰ ਹਿੰਦੂ ਸਿਖਾਂ ਨੂੰ ਦੁਖੀ ਕਰਨ ਵਾਲਾ ਕੋਈ ਹੁਕਮਰਾਨ ਬਣ ਗਿਆ ਤੇ ਉਸਨੇ ਗਊਕਸ਼ੀ ਸ਼ੁਰੂ ਕਰਾ ਦਿਤੀ। ਲੋਕਾਂ ਨੇ ਆਕੇ ਬਾਬਾ ਸਾਹਿਬ ਸਿੰਘ ਅਗੇ ਪੁਕਾਰ ਕੀਤੀ। ਬਾਬਾ ਜੀ ੮੦੦ ਜੁਆਨ ਨਾਲ ਲੈ ਕੇ ਮਲੇਰਕੋਟਲੇ ਪਹੁੰਚ ਗਏ, ਉਥੇ ਲੜਾਈ ਹੋਈ ਤੇ ਜ਼ਾਲਮ ਹਾਕਮ ਨੂੰ ਬੁਰੀ ਤਰ੍ਹਾਂ ਹਾਰ ਦਿਤੀ। ਫਿਰ ਮਹਾਰਾਜਾ ਪਟਿਆਲਾ ਦੇ ਅਰਜ਼ ਕਰਨ ਪੁਰ ਉਸ ਹਾਕਮ ਦੀ ਜ਼ਿੰਦਗੀ ਬਖਸ਼ ਦਿਤੀ। ਇਸੇ ਤਰ੍ਹਾਂ ਰਾਇਕੋਟ ਦੇ ਮੁਸਲਮਾਨ ਹਾਕਮ ਨੇ ਜਦ ਜ਼ੁਲਮ ਸ਼ੁਰੂ ਕਰ ਦਿਤੇ ਤਾਂ ਬਾਬਾ ਜੀ ਨੇ ਲੁਧਿਆਣਾ ਅਤੇ ਜਗਰਾਓਂ ਦੇ ਇਲਾਕੇ ਜਿਤ ਲਏ ਤੇ ਨਵਾਬ ਰਾਇਕੋਟ ਨੂੰ ਬੁਰੀ ਤਰ੍ਹਾਂ ਹਰਾਇਆ, ਪਰ ਪਿਛੋਂ ਮਹਾਰਾਜਾ ਕੈਥਲ ਦੇ ਕਹਿਣ ਤੇ ਉਸਦੇ ਇਲਾਕੇ ਵਾਪਸ ਕਰ ਦਿਤੇ ਤੇ ਉਸਨੇ ਸਦਾ ਲਈ ਬਾਬਾ ਜੀ ਦੀ ਅਧੀਨਗੀ ਮੰਨ ਕੇ ਮੁਆਫ਼ੀ ਮੰਗੀ।

੧੮੩੪ ਵਿਚ ਬਾਬਾ ਸਾਹਿਬ ਸਿੰਘ ਜੀ ਕੁਝ ਚਿਰ ਬੀਮਾਰ ਰਹਿਕੇ ਅਕਾਲ ਚਲਾਣਾ ਕਰ ਗਏ। ਮਹਾਰਾਜਾ ਰਣਜੀਤ ਸਿੰਘ ਜੀ ਨੇ ਸਰਕਾਰੀ ਤੌਰ ਪੁਰ ੭ ਦਿਨ ਰਾਜ ਵਿਚ ਸੋਗ ਮਨਾਇਆ ਤੇ ਬਾਬਾ ਜੀ ਦੇ ਚਲਾਣੇ ਨੂੰ ਆਪਣਾ ਜ਼ਾਤੀ ਭਾਰੀ ਨੁਕਸਾਨ ਸਮਝਿਆ। ਪਿਛੋਂ ਸਿਖ ਰਾਜ ਦੇ ਖਾਤਮੇ ਪੁਰ ਬਾਬਾ ਜੀ ਦੀ ਗਦੀ ਦੇ ਗੱਦੀਦਾਰ ਅੰਗਰੇਜ਼ਾਂ ਨਾਲ ਕਾਫ਼ੀ ਜੂਝੇ। ਅੰਗਰੇਜ਼ ਹਾਕਮਾਂ ਨੇ ਬਾਬਾ ਜੀ ਦੀ ਗਦੀ ਦੇ ਗੱਦੀਦਾਰਾਂ ਨੂੰ ਨਜ਼ਰਬੰਦੀ ਵਿਚ ਰਖਕੇ ਤੰਗ ਕੀਤਾ। ਲੰਗਰ ਆਦਿ ਲਈ ਲਗੀਆਂ ਜਾਗੀਰਾਂ ਤੇ ਕਿਲ੍ਹੇ ਤੇ ਹੋਰ ਲਖਾਂ ਦਾ ਸਾਮਾਨ ਜ਼ਬਤ ਕਰ ਲਿਆ ਜੋ ਅੱਜ ਤਕ ਦੇਸ਼ ਆਜ਼ਾਦ ਹੋਣ ਪੁਰ ਵੀ ਇਹ ਡੇਰਿਆਂ ਤੇ ਲੰਗਰ ਲਈ ਲਗੀਆਂ ਜਗੀਰਾਂ ਵਾਪਸ ਨਹੀਂ ਮਿਲੀਆਂ। ਜਿਸ ਦਾ ਆਪ ਦੇ ਪੈਰੋਕਾਰਾਂ ਵਿਚ ਬੜਾ ਮਹਿਸੂਸ ਕੀਤਾ ਜਾ ਰਿਹਾ ਹੈ।

(ਹਿੰਦ ਸਮਾਚਾਰ, ੨੮ ਅਕਤੂਬਰ)

# ਖਾਲਸਾ ਧਰਮ ਸ਼ਾਸਤਰ

(ਲੜੀ ਜੋੜਨ ਲਈ ਦੇਖੋ ਪਿਛਲਾ ਪਰਚਾ)

## ਪੰਥ ਦੇ ਵਾਧੇ ਲਈ ਪ੍ਰਚਾਰ ਦੇ ਅਸੂਲ

ਪ੍ਰਚਾਰ ਕਰਨ ਵਿਚ ਕਿਸੀ ਦੇ ਮਤ ਮਤਾਂਤ੍ਰ ਦੀ ਨਿੰਦਾ ਨਿਖੇਧੀ ਕਰਕੇ ਕਿਸੀ ਦਾ ਦਿਲ ਨਹੀਂ ਦੁਖਾਉਣਾ ।

ਅਨਮਤ ਦੇ ਲੋਕਾਂ ਨੂੰ ਪ੍ਰਿਥਮੇ ਉਨਾਂ ਦੇ ਹੀ ਗ੍ਰੰਥਾਂ ਪੁਸਤਕਾਂ ਕਿਤਾਬਾਂ ਵਿਚੋਂ ਦਿਖਾਇ ਕਰ ਏਹ ਨਿਸਚੇ ਕਰਾਉਣਾ ਕਿ ਮਾਨੁਖ ਮਾਤ੍ਰ ਨੂੰ ਗੁਰੂ ਕੀ ਸ਼ਰਨ ਹੋਕਰ ਗੁਰ ਉਪਦੇਸ਼ ਪ੍ਰਾਪਤ ਕਰਕੇ ਇਸਦੀ ਧਾਰਨਾ ਕਰਨੀ ਹੀ ਕਲਿਆਣ ਦਾ ਕਾਰਨ ਹੈ ਗੁਰੂ ਬਿਨਾਂ ਗਤਿ ਨਹੀਂ ਅਤੇ ਸ਼ਾਹ ਬਿਨ ਪਤ ਨਹੀਂ । ਨਾਲ ਹੀ ਇਸਦੇ ਗੁਰੂ ਗਰੰਥ ਸਾਹਿਬ ਜੀ ਦੀ ਬਾਨੀ ਦੇ ਅਸੂਲਾਂ ਦੇ ਪਦਾਰਥ ਦਸ ਅਤੇ ਉਨ੍ਹਾਂ ਦੇ ਗਰੰਥਾਂ ਪੋਥੀਆਂ ਕਿਤਾਬਾਂ ਦੇ ਪਰਮਾਣ ਦੇਕਰ ਨਿਸਚੇ ਕਰਾਉਣਾ ਕਿ ਸਿੱਧਾ ਸੱਚ ਅਤੇ ਸੁਗਮ ਮਾਰਗ ਪਰਮੇਸ਼ਰ ਜੀ ਦੀ ਪ੍ਰਾਪਤੀ ਦਾ ਇਹੋ ਹੈ । ਐਸੇ ਮਿਠਾਸ ਅਤੇ ਪਿਆਰ ਦੇ ਨਾਲ ਪ੍ਰਚਾਰ ਕਰਨਾ ਕਿ ਗੁਰਮਤ ਦੇ ਨਾਲ ਲੋਕਾਂ ਦਾ ਪਿਆਰ ਜੁੜੇ । ਅਤੇ ਗੁਰਬਾਣੀ ਦੇ ਪੜ੍ਹਨੇ ਸੁਨਨੇ ਵਿਚਾਰਨੇ ਦੀ ਉਨ੍ਹਾਂ ਨੂੰ ਰੁਚੀ ਉਪਜੇ ਅਤੇ ਦਿਨ ਪਰ ਦਿਨ ਸਵਾਈ ਹੁੰਦੀ ਜਾਏ ।

ਗੁਰੂ ਕੀ ਸਿਖੀ ਮਾਨੋ ਸੇਰ ਭਰ ਹੈ। ਪੂਰਾ ਸਿਖ ਹੋਣਾ ਤਾਂ ਦੁਰਲਭ ਹੈ ਪਰ ਕਿਸੀ ਅਧਸੇਰ, ਪਾਉਭਰ, ਅਧਪਾਉ, ਛਟਾਂਕ, ਤੋਲਾ, ਮਾਸਾ, ਰੱਤੀ ਪਰਮਾਣ ਭੀ ਸਿਖੀ ਸੇਰ ਵਿਚੋਂ ਪ੍ਰਾਪਤ ਹੁੰਦੀ ਹੈ ਉਨ੍ਹਾਂ ਸਭਨਾਂ ਨੂੰ ਸਿਖ ਜਾਣ ਕਰ ਉਨ੍ਹਾਂ ਦੀ ਸਿਖੀ ਦੀ ਕਦਰ ਕਰਨੀ । ਇਸ ਗੁਰੂ ਕੀ ਸੰਗਤ ਵਿਚ ਗੁਰ ਸਿਖੀ ਦੀ ਤਰੱਕੀ ਕਰਨ ਲਈ ਭਾਈ ਗੁਰਦਾਸ ਜੀ ਦੀ ਬਾਣੀ ਦਾ ਪਰਚਾਰ ਕਰਨਾ ਲਾਭਦਾਇਕ ਹੈ । ਐਸੇ ਪਿਆਰ ਅਤੇ ਮਿਠਾਸ ਦੇ ਨਾਲ ਪਰਚਾਰ ਹੋਵੇ ਕਿ ਰਤੀ ਪ੍ਰਮਾਣ ਵਾਲਾ ਮਾਸੇ ਭਰ ਅਤੇ ਮਾਸੇ ਪ੍ਰਮਾਣ ਵਾਲਾ ਤੋਲੇ ਭਰ ਇਸੀ ਪ੍ਰਕਾਰ ਵਧ ਵਧ ਸਿਖੀ ਨੂੰ ਪ੍ਰਾਪਤ ਕਰਦੇ ਜਾਣ ।

ਐਸੇ ਢੰਗ ਦਾ ਪਰਚਾਰ ਹੋਵੇ ਕਿ ਜਿਨ੍ਹਾਂ ਲੋਕਾਂ ਨੂੰ ਸਿਖੀ ਦੀ ਸੁਗੰਧੀ ਨਹੀਂ ਆਈ ਉਨ੍ਹਾਂ ਨੂੰ ਸਿਖੀ ਦੀ ਖੁਸ਼ਬੋਈ ਪਹੁੰਚਾਈ ਜਾਏ ਅਤੇ ਜਿਨ੍ਹਾਂ ਨੂੰ ਸਿਖੀ ਦੀ ਸੁਗੰਧੀ ਪ੍ਰਾਪਤ ਹੋਈ ਹੈ ਉਨ੍ਹਾਂ ਨੂੰ ਸਿਖੀ ਦੇ ਫਲ ਖੁਆਉਣ ਦਾ ਉਪ੍ਰਾਲਾ ਕੀਤਾ ਜਾਏ ।

ਸਿਖਾਂ ਦੀ ਗਿਣਤੀ ਵਿਚ ਭੀ ਵਾਧਾ ਕਰਨਾ ਅਤੇ ਸਿਖਾਂ ਦੇ ਅਮਲਾਂ ਵਿਚ ਭੀ ਤਰੱ

ਹੋਣੀ ਪਰਚਾਰ ਦਾ ਮੁਖ ਪ੍ਰਯੋਜਨ ਹੈ। ਇਹ ਦੋਨੋ ਅਸੂਲ ਸਦਾ ਪਰਚਾਰ ਸਮੇਂ ਸਾਹਮਣੇ ਰਿਹਣੇ ਚਾਹੀਏ।

ਜਿਸਦੇ ਪਰਚਾਰ ਕਰ ਗੁਰ ਸਿਖੀ ਵਲੋਂ ਲੋਕਾਂ ਦੇ ਚਿਤ ਫਿਰ ਜਾਣ ਅਰੁਚੀ ਉਤਪੰਨ ਹੋਵੇ ਉਸਦੇ ਪਰਚਾਰ ਨੂੰ ਬੰਦ ਕਰਨਾ ਜਿਸ ਕਰ ਪੰਥ ਦਾ ਘਾਟਾ ਹੈ।

ਸਿਖੀ ਧਰਮ ਅਤੇ ਖਾਲਸਾ ਪੰਥ ਦੇ ਜੋ ਸਹੀ ਅਤੇ ਸੱਚੇ ਅਸੂਲ ਹਨ ਉਹਨਾਂ ਨੂੰ ਐਸੇ ਢੰਗ ਦੇ ਨਾਲ ਪਰਚਾਰ ਕਰਨਾ ਕਿ ਸਰੋਤਿਆਂ ਨੂੰ ਵਰਤਣ ਵਿਚ ਸੁਖਾਲੇ ਪਰਤੀਤ ਹੋਣ।

ਸਿਖੀ ਧਰਮ ਖਾਲਸਾ ਪੰਥ ਦੀਆਂ ਪੁਰਾਤਨ ਰੀਤਾਂ ਰਸਮਾਂ ਦੀ ਪਾਬੰਦੀ ਪਰ ਸਰੋਤਿਆਂ ਨੂੰ ਪੱਕਾ ਕਰਨਾ ਨਵੀਆਂ ਫਜ਼ੂਲ ਪਾਬੰਦੀਆਂ ਕਾਇਮ ਕਰਕੇ ਸਿਖ ਧਰਮ ਪੰਥ ਨੂੰ ਤੰਗ ਕੋਠੜੀ ਦੇ ਵਿਚ ਬੰਦ ਨਹੀਂ ਕਰਨਾ। ਜੈਸੇ ਕਿ ਛੇਦਕ ਭੂਖਣ ਮੁਰਕੀਆਂ ਆਦਿਕ ਜੋ ਇਸਤ੍ਰੀਆਂ ਆਪਣੇ ਵਾਹਿਗੁਰੂ ਜੀ ਦੀ ਦਾਤ ਅਮੋਲਕ ਅੰਗਾਂ ਨੂੰ ਸੂਰਨ ਦੇ ਫੁੱਲਾਂ ਨਾਲ ਭੂਖਤ ਕਰਦੀਆਂ ਹਨ ਇਨ੍ਹਾਂ ਦੇ ਉਤਾਰਨ ਵਿਚ ਹੀ ਸਿਖੀ ਨੂੰ ਸਮਝ ਲੈਣਾ ਅਤੇ ਇਹਨਾਂ ਭੂਖਣਾਂ ਦਾ ਪਹਿਰਨਾ ਸਿਖੀ ਧਰਮ ਦੇ ਵਿਰੁੱਧ ਦਸਣਾ ਆਦਿ।

ਬਾਹਰਮੁਖੀ ਅਖਤਿਆਰੀ ਵਰਤਣਾ ਨੂੰ ਲਾਜ਼ਮੀ ਨਹੀਂ ਦਸਣਾ ਲਾਜ਼ਮੀ ਵਰਤਣਾ ਅਤੇ ਰਹਿਣੀਆਂ ਕਰਨੀਆਂ ਦਾ ਪਰਚਾਰ ਕਰਨਾ ਜਿਸ ਕਰ ਸਿਖ ਧਰਮ ਖਾਲਸਾ ਪੰਥ ਦੀ ਧਾਰਨਾ ਭਾਰੂ ਨਾ ਬਣ ਜਾਏ।

ਪਵਿਤ੍ਰਤਾ ਅਤੇ ਉਚਤਾ ਦੇ ਫੈਲਾਉਣ ਵਿਚ ਬਹਾਦਰੀ ਦਿਖਾਉਣ ਦਾ ਪਰਚਾਰ ਕਰਨਾ ਅਰਥਾਤ ਐਸਾ ਪਰਚਾਰ ਕਰਨਾ ਜਿਸਦੇ ਫਲ ਵਿਚ ਪੰਥ ਦੇ ਲੋਗ ਉਤੇ ਨੂੰ ਉਚਤਾ ਅਤੇ ਪਵਿਤ੍ਰਤਾ ਵਲ ਤਰੱਕੀ ਕਰਨ ਹੇਠਾਂ ਦੀ ਤਰਫ ਡਿਗਣ ਲਈ ਸਹਾਰਾ ਨਹੀਂ ਦੇਣਾ।

ਪਰਚਾਰ ਦੇ ਵਿਚ ਅਸੂਲ ਦੀ ਪੈਰਵੀ ਹੋਵੇ ਸ਼ਖਸੀਤਾਂ ਪਰ ਹੀ ਮਾਇਲ ਰਹਿਕਰ ਅਸੂਲ ਦਾ ਖੂਨ ਨਹੀਂ ਕਰਨਾ।

ਇਤਿ ਸ੍ਰੀ ਸਿਖ ਧਰਮ ਖਾਲਸਾ ਪੰਥ ਦੀ ਬਿਵਸਥਾ (ਖਾਲਸਾ ਧਰਮ ਸ਼ਾਸਤ੍ਰ) ਗਰੰਥੇ ਪੂਰਬ ਮਿਮਾਂਸਾ ਪ੍ਰਕਰਣੇ ਛੇਵਾਂ ਪੰਥਿਨਤੀ ਭਾਗ ਸਮਾਪਤੰ ॥੬॥

## ਕਰਮ ਨਿਰਨੈ

ਸੁਰਗ ਆਦਿਕ ਸੁਖ ਅਤੇ ਨਰਕ ਆਦਿਕ ਦੁਖ ਪੁੰਨਾਂ ਅਤੇ ਪਾਪਾਂ ਦੇ ਫਲ ਵਿਚ ਪ੍ਰਾਪਤ ਹੁੰਦੇ ਹਨ। ਪੁੰਨਾਂ ਦੇ ਜਨਕ ਸੁਕ੍ਰਿਤ ਕਰਮ ਅਤੇ ਪਾਪਾਂ ਦੇ ਜਨਕ ਦੁਕ੍ਰਿਤ ਕਰਮ ਹਨ।

ਜਗਤ ਦੇ ਜੀਵ ਇਨ੍ਹਾਂ ਦੋਵੇਂ ਪ੍ਰਕਾਰ ਦੇ ਸੁਕ੍ਰਿਤ ਅਤੇ ਦੁਕ੍ਰਿਤ ਕਰਮਾਂ ਦੇ ਫਲਾਂ ਵਿਚ ਆਵਾਗੌਣ ਨੂੰ ਪ੍ਰਾਪਤ ਹੋਕਰ ਕਦੀ ਊਚ ਗਤੀ ਕਦੀ ਨੀਚ ਗਤੀ ਦੇ ਵਿਚ ਹਰਟ ਦੀਆਂ ਟਿੰਡਾਂ ਵਤ ਫਿਰਾਇ ਜਾ ਰਹੇ ਹਨ।

ਕਰਮ ਹੀ ਜੀਵਾਂ ਨੂੰ ਬੰਧਨ ਰੂਪ ਹਨ ਸੁਕ੍ਰਿਤ ਕਰਮ ਸੋਇਨੇ ਦੀ ਬੇੜੀ ਅਤੇ ਦੁਕ੍ਰਿਤ ਕਰਮ ਲੋਹੇ ਦੀ ਬੇੜੀ ਹਨ। ਜੋ ਦੋਵੇਂ ਬੰਧਨ ਦੇ ਦਾਤੇ ਹਨ।

ਕਰਮਾਂ ਦੇ ਬੰਧਨਾਂ ਤੋਂ ਛੁੱਟਣ ਦਾ ਨਾਉਂ ਹੀ ਮੁਕਤੀ ਹੈ। ਤਾਂ ਤੇ ਮਮੋਖੀ ਜਨਾਂ ਨੂੰ ਕਰਮ ਦੇ ਬੰਧਨਾਂ ਤੋਂ ਛੁਟਣ ਦਾ ਉਪਾਉ ਢੂੰਡ ਕਰ ਕਰਿਆ ਲੋੜੀਏ।

ਪਰ ਕਰਮਾਂ ਤੋਂ ਛੁਟਕਾਰਾ ਕਿਸੀ ਸਮੇਂ ਭੀ ਪ੍ਰਾਣ ਧਾਰੀ ਨੂੰ ਨਹੀਂ ਹੋ ਸਕਦਾ। ਕਰਮ ਮ ਅਤੇ ਇੰਦ੍ਰੀਆਂ ਦੀ ਚੇਸ਼ਟਾ ਕਰ ਹੁੰਦੇ ਹਨ, ਅਤੇ ਮਨ ਇੰਦ੍ਰਿਆਂ ਦੀ ਚੇਸ਼ਟਾ ਪ੍ਰਾਣਾਂ ਦੀ ਚੇਸ਼ਟ ਪੁਰ ਹੈ। ਮਾਤਾ ਦੇ ਗਰਭ ਵਿਚ ਪ੍ਰਾਣਾਂ ਦੀ ਚੇਸ਼ਟਾ ਪ੍ਰਾਪਤ ਹੋਣ ਸਮੇਂ ਤੋਂ ਲੈਕਰ ਪ੍ਰਾਣ ਅੰ ਸਮੇਂ ਤਕ ਕਿਸੀ ਸਮੇਂ ਭੀ ਕਰਮ ਰਹਿਤ ਨਹੀਂ ਹੋ ਸਕਦਾ। ਕਿਸੀ ਨਾ ਕਿਸੀ ਕਰਮ ਵਿਚ ਜੀ ਹਰ ਸਮੇਂ ਪ੍ਰਵਿਰਤ ਰਹਿੰਦਾ ਹੈ।

ਕਰਮ ਛੱਡ ਕੇ ਨਿਹਕਰਮ ਨਹੀਂ ਹੋਇਆ ਜਾਂਦਾ, ਕਰਮ ਕਰਦਿਆਂ ਹੀ ਨਿਹਕਰਮ ਹੋ ਦੀ ਲੋੜ ਹੈ।

ਕਰਮ ਤਿੰਨ ਪ੍ਰਕਾਰ ਦੇ ਹਨ। ਇਕ ਕਰਮ ਦੂਜੇ ਸੁਕਰਮ, ਤੀਜੇ ਵਿਕਰਮ। ਕਰਮ ਉ ਜਿਸ ਦੇ ਕਰਨੇ ਕਰ ਨਾ ਪੁੰਨ ਨਾ ਪਾਪ। ਤਾਂ ਤੇ ਇਸ ਸ਼ਰੇਣੀ ਦੇ ਕਰਮਾਂ ਨੂੰ ਇਸ ਧਰਮ ਸ਼ਾਸ ਦੇ ਨਾਲ ਕੋਈ ਸੰਬੰਧ ਨਹੀਂ। ਦੂਜੇ ਸੁਕਰਮ ਉਹ ਜਿਨ੍ਹਾਂ ਦੇ ਕਰਨੇ ਕਰ ਪੁੰਨ ਉਤਪੰਨ ਹੋਵੇ ਜਿ ਨੂੰ ਸੁਕ੍ਰਿਤ ਕਰਮ ਕਹੀਦਾ ਹੈ, ਸ਼ੁਭ ਕਰਮ ਭਲੇ ਕਰਮ ਭੀ ਇਨ੍ਹਾਂ ਦਾ ਨਾਉਂ ਹੈ ਅਤੇ ਤੀਜੇ ਵਿਕਰ ਉਹ ਹਨ ਜਿਨ੍ਹਾਂ ਤੋਂ ਪਾਪ ਉਤਪੰਨ ਹੋਣ ਜਿਨ੍ਹਾਂ ਦਾ ਨਾਉਂ ਦੁਕ੍ਰਿਤ ਕਰਮ ਹੈ, ਭੈੜੇ ਕਰਮ ਅ ਖੋਟੇ ਕਰਮ ਭੀ ਇਨ੍ਹਾਂ ਦਾ ਨਾਉਂ ਹੈ।

ਸੁਕ੍ਰਿਤ ਅਰਥਾਤ ਸੁਕਰਮ ਉਸ ਦਾ ਨਾਉਂ ਹੈ ਜੋ ਧਰਮ ਦੀ ਮ੍ਰਿਜਾਦਾ ਦੇ ਅਨਕੂ ਅਥਵਾ ਦੂਜੇ ਨੂੰ ਸੁਖ ਅਤੇ ਲਾਭ ਪਹੁੰਚਾਉਣੇ ਵਾਲਾ ਹੈ ਅਤੇ ਦੁਕ੍ਰਿਤ ਕਰਮ ਅਰਥਾਤ ਕੁਕਰਮ ਉ ਹੈ ਜੋ ਧਰਮ ਦੀ ਮ੍ਰਿਜਾਦਾ ਦੇ ਵਿਰੁਧ ਤਥਾ ਜਿਸ ਤੋਂ ਦੂਜਿਆਂ ਨੂੰ ਦੁਖ ਅਤੇ ਕਲੇਸ਼ ਪ੍ਰਾਪਤ ਹੋਵੇ।

ਧਰਮ ਦੀ ਮ੍ਰਿਜਾਦਾ ਚਾਹੇ ਗੁਰਮਤ ਦੀ ਪੰਥਕ ਹੋਵੇ ਚਾਹੇ ਗੁਰਮਤ ਦੇ ਅਨਕੂਲੀ ਰਾਮਾਇ ਮਹਾਂਭਾਰਥ ਅਥਵਾ ਬਿਆਸ ਸਿਮ੍ਰਤੀ ਆਦਿਕ ਧਰਮ ਸ਼ਾਸਤ੍ਰਾਂ ਵਿਚ ਕਹੀ ਕੌਮੀ ਹੋਵੇ। ਚਾਹੇ ਨੀ ਦੇ ਪੁਸਤਕਾਂ ਅਤੇ ਇਖਲਾਕੀ ਕਿਤਾਬਾਂ ਵਿਚ ਕਹੀ ਲੇਕਕ ਰੀਤੀ ਹੋਵੇ, ਪਰੰਤੂ ਗੁਰਮਤ ਦੇ ਵਿਰੁ ਨਾ ਹੋਵੇ ਉਹ ਸਿਖ ਪੰਥ ਵਿਚ ਮੰਨਣੀ ਪ੍ਰਵਾਣ ਹੈ। ਤਥਾ ਹੀ ਉਤਮ ਸਰੇਸ਼ਟਾਚਾਰ ਦੀ ਰੀ ਜੋ ਜੋ ਜਿਸ ੨ ਦੇਸ਼ ਵਿਚ ਮੰਨੀ ਪਰਮੰਨੀ ਹੋਈ ਰਵਾਜ ਪਈ ਹੋਵੇ ਪਰ ਗੁਰਮਤ ਦੀ ਵਿਰੋਧੀ ਹੋਵੇ ਇਹ ਸਭ ਧਰਮ ਮ੍ਰਿਜਾਦਾ ਹਨ। ਜਿਨ੍ਹਾਂ ਵਿਚ ਨਿਖੇਧੀ ਕੀਤੀ ਹੋਈ ਰੀਤੀ ਪੁੰਨ ਪਾ ਸਮਝ ਕੇ ਵਰਤਣੀ ਯੋਗ ਹੈ।

ਇਸ ਪ੍ਰਕਾਰ ਜੋ ਨਿਰਨੈ ਹੋਯਾ ਸੁਕ੍ਰਿਤ ਅਤੇ ਦੁਕ੍ਰਿਤ ਕਰਮ ਹੈ ਉਸ ਦੀ ਵਿਚਾਰ ਭੀ ਅਤੇ ਉਸ ਦੇ ਵਲ ਫਲ ਗਤੀ ਬੜੀ ਸੂਖਮ ਹੈ। ਜੋ ਜੋ ਮ੍ਰਿਜਾਦਾ ਗ੍ਰੰਥਾਂ ਪੁਸਤਕਾਂ ਕਿਤਾਬਾਂ ਵਿਚ ਸਥਾਪਨ ਹੋਈ ਹੈ ਭੂਤ ਭਵਿਖ ਵਰਤਮਾਨ ਸਮੇਂ ਪਰ ਧਿਆਨ ਰਖਣ ਵਾਲਿਆਂ ਦੀਰਘ ਦ੍ਰਿਸ਼ਟੀ ਵਾਲੇ ਸਜਣਾਂ ਸਤਿ ਪੁਰਖਾਂ ਮਹਾਤਮਾ ਨੇ ਨਿਰਨੇ ਕਰਕੇ ਰਖੀ ਹੈ। ਇਹ ਹੋ ਸਕਦਾ ਹੈ ਕਿ ਦੇਸ਼ ਕਾਲ ਦੇ ਭੇਦ ਕਰ ਅਥਵਾ ਕਿਸੀ ਦੀ ਅਨਗਹਿਲੀ ਤਥਾ ਸਵਾਰਥਪੁਣੇ ਕਰ ਕਿਸੀ ਮਰਜਾਦਾ ਵਿਚ ਫਰਕ ਆ ਗਿਆ ਹੋਵੇ ਤਿਸ ਪਰ ਗੁਰਮਤ ਦੇ ਬਚਨਾਂ ਦੀ ਬਿਵਸਥਾ ਹੀ ਪ੍ਰੀਖਿਆ ਕਰਨ ਦੀ ਕਸੌਟੀ ਹੈ।

## ਯਥਾ ਕਰਮ ਗਤੀ

ਜੀਵ ਹਉਮੈ ਕਰਕੇ ਕਰਮ ਬਧ ਹੋਇਆਂ ਆਵਾਗੌਣ ਦੇ ਚੱਕਰ ਵਿਚ ਮਰ ਮਰ ਕੇ ਜਨਮਦੇ ਅਤੇ ਦੁਖਾਂ ਸੁਖਾਂ ਨੂੰ ਪ੍ਰਾਪਤ ਹੋ ਹਰਖ ਸੋਗ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਹਨ।

ਸ਼ੁਭ ਅਤੇ ਅਸ਼ੁਭ ਦੋ ਪ੍ਰਕਾਰ ਦੇ ਕਰਮਾਂ ਵਿਚ ਹਉਮੈ ਹੋਣੇ ਕਰਕੇ ਦੋ ਦੋ ਪ੍ਰਕਾਰ ਦੇ ਫਲ ਪ੍ਰਾਪਤ ਹੁੰਦੇ ਹਨ। ਜੈਸੇ ਕਿ ਸ਼ੁਭ ਕਰਮਾਂ ਦੇ ਦੋ ਫਲਾਂ ਵਿਚੋਂ ਇਕ ਫਲ ਅੱਗੇ ਸੁਖ ਦਾ ਪ੍ਰਾਪਤ ਹੋਣਾ ਅਤੇ ਦੂਜਾ ਅਗੇ ਨੂੰ ਹੋਰ ਸ਼ੁਭ ਕਰਮ ਦੀ ਸੰਭਾਵਨਾ ਉਤਪੰਨ ਹੋਣ ਦਾ ਫਲ ਹੈ। ਅਰਥਾਤ ਜਦ ਕੋਈ ਅਪਨੀ ਸ਼ੋਭਾ ਲਈ ਸ਼ੁਭ ਕਰਮ ਕਰਦਾ ਹੈ ਤਦ ਉਸ ਸ਼ੁਭ ਕਰਮ ਦਾ ਫਲ ਇਕ ਤਾਂ ਜਗਤ ਦੀ ਸ਼ੋਭਾ ਦਾ ਸੁਖ ਉਸ ਨੂੰ ਪ੍ਰਾਪਤ ਹੁੰਦਾ ਹੈ ਅਤੇ ਦੂਜਾ ਫਲ ਇਹ ਕਿ ਸੁਕਰਮੀ ਪੁਰਸ਼ ਨੂੰ ਅਗੇ ਨੂੰ ਹੋਰ ਸ਼ੁਭ ਕਰਮ ਕਰਨ ਦੀ ਭਾਵਨਾ ਉਤਪੰਨ ਹੁੰਦੀ ਹੈ ਅਤੇ ਜੋ ਲੋਕ ਪੁੰਨ ਸਮਝ ਕਰ ਪ੍ਰਲੋਕ ਦੇ ਸੁਖ ਦੀ ਇੱਛਾ ਲਈ ਸ਼ੁਭ ਕਰਮ ਕਰਦੇ ਹਨ ਉਨ੍ਹਾਂ ਨੂੰ ਉਸ ਕਰਮ ਦੇ ਅੰਦਾਜ਼ੇ ਪਰ ਵਾਹਿਗੁਰੂ ਉਸ ਸ਼ੁਭ ਕਰਮੀ ਨੂੰ ਅਗੇ ਸਵਰਗ ਸੁਖ ਅਥਵਾ ਸ਼ੁਭ ਜਨਮ ਅਰੋਗਤਾ ਤਥਾ ਸੁੰਦ੍ਰਯਤਾ ਤਥਾ ਮਨ ਇੱਛਤ ਧੰਨ ਸੰਪਦਾ ਦਾ ਸੁਖ ਦੇਂਦਾ ਹੈ ਤੇ ਦੂਜਾ ਫਲ ਸ਼ੁਭ ਵਾਸ਼ਨਾ ਦਾ ਹੈ ਜੋ ਅਗੇ ਨੂੰ ਸ਼ੁਭ ਕਰਮਾਂ ਵਿਚ ਪ੍ਰਵਿਰਤ ਹੋਣ ਲਈ ਰੁਚੀ ਉਪਜਦੀ ਹੈ। ਉਹ ਰੁਚੀ ਹੋਰ ਸ਼ੁਭ ਕਰਮ ਕਰਾਉਂਦੀ ਹੈ ਤਾਂ ਉਸ ਦੇ ਭੀ ਅਗੇ ਜਨਮ ਪਾਇਕਰ ਦੋਵੇਂ ਫਲ ਸੁਕਰਮੀ ਨੂੰ ਪ੍ਰਾਪਤ ਹੁੰਦੇ ਹਨ। ਇਸੀ ਪ੍ਰਕਾਰ ਦੂਰ ਤਕ ਜਨਮ ਜਨਮਾਂਤ੍ਰਾਂ ਵਿਚ ਸ਼ੁਭ ਕਰਮਾਂ ਦੇ ਦੋਵੇਂ ਫਲਾਂ ਦੀ ਲੜੀ ਬੱਝੀ ਰਹਿੰਦੀ ਹੈ।

ਤਥਾ ਹੀ ਅਸ਼ੁਭ ਕਰਮਾਂ ਦੇ ਭੀ ਦੋਵੇਂ ਫਲ ਪ੍ਰਾਪਤ ਹੁੰਦੇ ਹਨ, ਇਕ ਫਲ ਨਰਕ ਆਦਿਕ ਦੁਖ ਅਤੇ ਦੂਜਾ ਫਲ ਖੋਟੀ ਵਾਸ਼ਨਾ। ਉਸ ਖੋਟੀ ਵਾਸ਼ਨਾ ਕਰਕੇ ਜੋ ਅਗੇ ਨੂੰ ਅਸ਼ੁਭ ਕਰਮ ਕਰਨ ਦੀ ਰੁਚੀ ਉਪਜਦੀ ਹੈ ਉਸ ਰੁਚੀ ਅਨੁਸਾਰ ਜੋ ਕੁਕਰਮ ਕੀਤਾ ਜਾਂਦਾ ਹੈ ਉਸ ਕੁਕਰਮ ਦੇ ਭੀ ਦੋਵੇਂ ਫਲ ਵਾਹਿਗੁਰੂ ਦੇਂਦਾ ਹੈ। ਇਸੀ ਪ੍ਰਕਾਰ ਅਗਲੇ ਜਨਮ ਜਨਮਾਂਤ੍ਰਾਂ ਵਿਚ ਪਾਪ ਕਰਮ ਦੀ ਸੰਗਲੀ ਬੱਧੀ ਚਲੀ ਜਾਂਦੀ ਹੈ।

ਸਿਧਾਂਤ ਇਹ ਕਿ ਇਕ ਵੇਰੀ ਹੀ ਸ਼ੁਭ ਅਥਵਾ ਅਸ਼ੁਭ ਕਰਮ ਕੀਤਾ ਜਾਏ ਤਾਂ ਉਸ ਦੇ ਫਲ ਜੁਗਾਂ ਦੀਆਂ ਚੌਕੜੀਆਂ ਵਿਚ ਬਾਰੰਬਾਰ ਜਨਮ ਪਾਇ ਕਰ ਸੁਖ ਅਤੇ ਦੁਖ ਅਵਸ਼ ਭੋਗਣੇ

ਪੈਂਦੇ ਹਨ । ਤਾਂ ਤੇ ਕਰਮਾਂ ਦੇ ਕਰਨ ਵਿਚ ਸੁਚੇਤ ਰਹੇ ਗਾਫਲੀ ਨਾ ਕਰੇ ਸੁਘੜਤਾ ਰਖੇ । ਸੁਖ ਦੀ ਆਸ਼ਾ ਵਾਲਾ ਕੋਈ ਭੀ ਖੋਟਾ ਕਰਮ ਨਾ ਬੀਜੇ ਜਿਸ ਦੇ ਫਲ ਖੋਟੇ ਕਰਮਾਂ ਅਤੇ ਓਹਨਾਂ ਦੇ ਖੋਟੇ ਫਲਾਂ ਦੁਖਾਂ ਦੀ ਸੰਗਲੀ ਦੂਰ ਤਕ ਭੋਗਣੀ ਪਏ ।

ਮੋਖ ਦੀ ਇਛਾ ਵਾਲੇ ਨੂੰ ਸ਼ੁਭ ਅਤੇ ਅਸ਼ੁਭ ਦੋਵੇਂ ਪ੍ਰਕਾਰ ਦੇ ਕਰਮਾਂ ਤੋਂ ਨਿਹਕਰਮ ਹੋਣਾ ਜ਼ਰੂਰੀ ਲੋੜੀਏ । ਸੋ ਨਿਹਕਰਮ ਹੋਣ ਦੀ ਇਹ ਜੁਗਤ ਹੈ ਕਿ ਪਾਪ ਜਨਕ ਦੁਕ੍ਰਿਤ ਕਰਮਾਂ ਨੂੰ ਦੁਖਾਂ ਦਾ ਕਾਰਣ ਜਾਨਕਰ ਪ੍ਰੀਤਿਆਗ ਕਰੇ ਅਤੇ ਸ਼ੁਭ ਕਰਮਾਂ ਨੂੰ ਆਪਣੇ ਸੁਭਾਉ ਦੇ ਨਾਲ ਮਿਲਾਇ ਦੇਵੇ ਸੁਭਾਉਕ ਹੀ ਸੁਕ੍ਰਿਤ ਕਰਮ ਹੁੰਦੇ ਰਹਿਣ ਕਿਸੀ ਕਰਮ ਦੇ ਫਲ ਦੀ ਇਛਾ ਨਾ ਕਰੇ । ਇਸ ਪ੍ਰਕਾਰ ਸ਼ੁਭ ਕਰਮ ਕਰਦਿਆਂ ਹੀ ਨਿਹਕਰਮ ਹੋਣਾ ਪਰਮ ਧਰਮ ਹੈ ।

ਇੱਛਾ ਅਰਥਾਤ ਵਾਸ਼ਨਾ ਹੀ ਜਨਮ ਜਨਮਾਂਤ੍ਰਾਂ ਦਾ ਕਾਰਣ ਹੈ ਸੋ ਵਾਸ਼ਨਾ ਤੋਂ ਨਿਰਵਾਸ ਹੋ ਰਹੇ । ਵਾਸ਼ਨਾ ਖੈ ਦਾ ਨਾਉਂ ਹੀ ਮਨੋ ਨਾਸ ਹੈ । ਤਾਂ ਤੇ ਜਨਮਾਂ ਦੇ ਕਾਰਨ ਜੋ ਸੰਕਲਪ ਵਿਕਲਪ ਹਨ ਮੋਖ ਦੀ ਇੱਛਾ ਵਾਲੇ ਨੂੰ ਅਵੱਸ਼ ਮਿਟਾਉਣੇ ਯੋਗ ਹਨ । ਜਦ ਮਨੋਂ ਨਾਸ ਵਾਸ਼ਨਾ ਖੈ ਹੋ ਜਾਇ ਤਾਂ ਤਤ ਗਿਆਨ ਦਾ ਅਧਿਕਾਰੀ ਹੁੰਦਾ ਹੈ । ਹਉਮੈ ਰੂਪੀ ਅਗਿਆਨ ਦਾ ਰੋਗ ਦੂਰ ਹੋ ਕਰ ਗਿਆਨੀ ਹੋ ਜਾਂਦਾ ਹੈ ਅਰਥਾਤ ਮੈਂ ਅਤੇ ਮੇਰੀ ਮਿਟ ਜਾਂਦੀ ਹੈ ਤਾਂ ਆਪ ਨੂੰ ਅਜ ਅਮਰ ਨਿਰਲੇਪ ਵਾਹਿਗੁਰੂ ਦੇ ਸਰੂਪ (ਮਹਲ) ਵਿਚ ਸਮਾਇਆ ਹੋਇਆ ਅਨੁਭਵ ਕਰਕੇ ਉਸ ਤੋਂ ਜੁਦਾ ਆਪਣੇ ਆਪ ਨੂੰ ਕੁਛ ਨਹੀਂ ਸਮਝਦਾ ਸਰਬ ਬ੍ਰਹਮ ਰੂਪ ਜਾਣਦਾ ਹੈ ਦੂਜਾ ਕੁਛ ਨਹੀਂ ਭਾਸਦਾ ।

ਐਸੇ ਗਿਆਨੀ ਦੇ ਦੁਕ੍ਰਿਤ ਸੁਕ੍ਰਿਤ ਕਰਮਾਂ ਦੇ ਫਲ ਜੋ ਅਗੇ ਨੂੰ ਜਨਮਾਂਤ੍ਰਾਂ ਦੇ ਕਾਰਣ ਹਨ ਉਹਨਾਂ ਵਿਚੋਂ ਸੁਕ੍ਰਿਤ ਕਰਮਾਂ ਦੇ ਭਾਗੀ ਉਹਨਾਂ ਸਤਪੁਰਸ਼ਾਂ ਦੇ ਸੇਵਕ ਹੁੰਦੇ ਹਨ ਅਤੇ ਨਿੰਦਕਰਮਾਂ ਦੇ ਫਲਾਂ ਦੇ ਭਾਗੀ ਨਿੰਦਕ ਹੁੰਦੇ ਹਨ ਜੋ ਸੂਕ੍ਰਵਤ ਸੁਧੀ ਮਲ ਮੁਖੋਂ ਖਾਂਦੇ ਹਨ ਅਤੇ ਕਪੜੇ ਧੋ ਦੇਣ ਦੀ ਤਰ੍ਹਾਂ ਸੂਛ ਕਰ ਦੇਂਦੇ ਹਨ ਅਤੇ ਇਨ੍ਹਾਂ ਵੰਡਾਂ ਵਿਚੋਂ ਜੋ ਬਾਕੀ ਬਚ ਜਾਣ ਉਹ ਉਹਨਾਂ ਸਤ ਪੁਰਸ਼ ਮਹਾਤਮਾ ਗਿਆਨੀਆਂ ਦੀ ਗਿਆਨ ਅਗਨੀ ਦੇ ਕੁੰਡ ਵਿਚ ਭਸਮ ਹੋ ਜਾਂਦੇ ਹਨ ।

ਜੋ ਜੋ ਕਰਮ ਕੋਈ ਕੀਤੇ ਹੁੰਦੇ ਹਨ ਉਹ ਤਿੰਨਾਂ ਦਰਜਿਆਂ ਵਿਚ ਵੰਡੇ ਜਾਂਦੇ ਹਨ । (੧) ਪ੍ਰਾਰਬਧ ਕਰਮ । (੨) ਸਿੰਚਤ ਕਰਮ । (੩) ਕਿਰੇਮਾਨ ਕਰਮ ।

(ੳ) ਪਿਛਲੇ ਕਰਮ ਜਿਨ੍ਹਾਂ ਦੇ ਫਲ ਵਿਚ ਇਹ ਜਨਮ ਪਾਇਆ ਹੈ ਉਹਨਾਂ ਦਾ ਨਾਉਂ ਪ੍ਰਾਰਬਧ ਕਰਮ ਹੈ ਸੋ ਇਹ ਭੋਗੇ ਤੋਂ ਬਿਨਾਂ ਨਹੀਂ ਹਟਦੇ । ਗਿਆਨੀ ਅਗਿਆਨੀ ਨੂੰ ਅਵੱਸ਼ ਭੋਗਣੇ ਹੁੰਦੇ ਹਨ । ਜਦ ਤਕ ਇਨ੍ਹਾਂ ਦਾ ਫਲ ਹੈ ਇਸਦੇ ਭੋਗਣ ਲਈ ਸ਼ਰੀਰ ਅਵੱਸ਼ ਰਹੇਗਾ । ਇਸ ਦਸ਼ਾ ਵਿਚ ਗਿਆਨੀ ਜੀਵਨ ਮੁਕਤ ਹੋ ਕਰ ਵਿਚਰਦਾ ਹੈ ਅਤੇ ਪ੍ਰਾਰਬਧ ਕਰਮ ਦਾ ਫਲ ਨਿਖੁਟ ਜਾਂਦਾ ਹੈ ਤਾਂ ਸਰੀਰ ਛਡਕੇ ਵਿਦੇਹ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ ।

(ਅ) ਦੂਜੇ ਸਿੰਚਤ ਕਰਮ ਹੁੰਦੇ ਹਨ ਜੋ ਅਗੇ ਨੂੰ ਜਨਮ ਦੇਣੇ ਵਾਲੇ ਹੁੰਦੇ ਹਨ ਇਨ੍ਹਾਂ ਦੇ ਹੀ ਫਲ ਗਿਆਨੀ ਦੇ ਸੇਵਕਾਂ ਅਤੇ ਨਿੰਦਕਾਂ ਨੂੰ ਪ੍ਰਾਪਤ ਹੁੰਦੇ ਹਨ । ਤਥਾ ਗਿਆਨ ਅਗਨੀ ਵਿਚ ਦਧਧ ਹੋ ਜਾਂਦੇ ਹਨ ।

(ਗ) ਤੀਜੇ ਕਿਰੇਮਾਨ ਉਹ ਕਰਮ ਹਨ ਜੋ ਵਰਤਮਾਨ ਸਮੇਂ ਵਿਚ ਕੀਤੇ ਜਾਂਦੇ ਹਨ ਗਿਆਨੀ ਸਿੱਧ ਪੁਰਸ਼ ਜਿਸਦੀ ਹਉਮੈ ਨਿਵਿਰਤ ਹੋ ਚੁਕੀ ਹੈ ਇਨ੍ਹਾਂ ਦਾ ਵਾਰਸ ਨਹੀਂ ਬਣਦਾ ਜਦ ਉਹ ਆਪਣੇ ਆਪ ਨੂੰ ਹੀ ਗੁਵਾਇ ਬੈਠਾ ਹੈ ਤਾਂ ਵਾਰਸ ਕੌਣ ਬਣੇ ਕਿੱਲਾ ਹੀ ਨਹੀਂ ਤਾਂ ਰੱਸਾ ਕਿਸਦੇ ਨਾਲ ਬੱਝੇ ।

(ਸ) ਅਤੇ ਸਾਧਕ ਪੁਰਸ਼ ਸੁਕ੍ਰਿਤਾਂ ਦੇ ਫਲਾਂ ਤੋਂ ਨਿਰਾਸ ਹੁੰਦਾ ਅਤੇ ਦੁਕ੍ਰਿਤਾਂ ਦਾ ਤਿਆਗ ਕਰ ਦੇਂਦਾ ਹੈ । ਤੇ ਜੇਕਰ ਸਾਧਕ ਪੁਰਸ਼ ਤੋਂ ਕੋਈ ਅਕਸਵਾਤ੍ ਦੁਕ੍ਰਿਤ ਹੋ ਭੀ ਜਾਣ ਤਾਂ ਉਹ ਪ੍ਰਾਇਸਚਿਤ ਕਰਮ ਕਰਨੇ ਕਰ ਦੂਰ ਹੁੰਦੇ ਹਨ ।

# ਮਾਇਆ ਜੋ ਅਜੂਨੀ ਵਾਸਤੇ ਪੁੱਜੀ

੨੦ ਰੁਪਏ ਹਰ ਮਹੀਨੇ—ਸ੍ਰ: ਕੁਲਦੀਪ ਸਿੰਘ ਕੁਲਦੀਪ ਆਇਰਨ ਵਰਕਸ ਲੁਧਿਆਣਾ

੬ ਰੁਪਏ ਗੁਰੂ ਨਾਨਕ ਲਾਇਬਰੇਰੀ ਸੂਸਾ ।

੨੬ ਰੁਪਏ

(ਸਤੰਬਰ ਅਕਤੂਬਰ ਦੀ ਛਪਵਾਈ ਦਾ ਖ਼ਰਚਾ ੧੪੭੪ ਰੁਪਿਆਂ ਦਾ ਬਿਲ ਸੀ, ਹੋਰ ਡਾ ਤੇ ਸਟਾਫ਼ ਦਾ ਆਵਾਜਾਈ ਦਾ ਖ਼ਰਚਾ ੪੫੦ ਰੁਪਏ ਹੈ ਸੋ ਕੁਲ ੧੯੨੫ ਰੁਪਏ ਹੋਇਆ । ਇ ਸੁਭ ਕਾਰਜ ਜਿਸ ਵਿਚ ਗੁਰਮਤਿ, ਗੁਰੂ ਨਾਨਕ ਪਾਤਸ਼ਾਹ ਤੇ ਆਪ ਦੀ ਸੰਤਾਨ ਦੀ ਸੂਝ ਬੂਝ ਪ੍ਰਾਪ ਹੁੰਦੀ ਹੈ, ਸਤਿਗੁਰੂ ਦੀ ਮੇਹਰ ਤੇ ਸੰਗਤ ਦੇ ਪ੍ਰਤਾਪ ਨਾਲ ਹੀ ਪੂਰੀ ਹੋ ਸਕਦੀ ਹੈ । ਇਸੇ ਮਾਇ ਕਾਰਨ ਦੇਰੀ ਛਪਣ ਵਿਚ ਹੋ ਜਾਂਦੀ ਹੈ ।)

ਮੈਨੇਜਰ, ਅਜੂ
ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਬੇ
ਮਨਸੂਰਾਂ ਜ਼ਿ: ਲੁਧਿਆਣ

# ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇਵਤਰੂ
# ਅਥ ਕਥਾ ਪ੍ਰਸੰਗਾ
# ੧ ਸਕੰਧ ਪੂਰਬਾਰਧ—੧੫ ਅਧਿਆਇ

ੴ ਤਤ ਸਤ

ਇਧਰ ਥੌਰੇ ਹੀ ਦਿਨੋਂ ਕੇ ਅਰਸੇ ਬਾਦ ਪੀਰ ਗਰਾਮ ਕੀ ਪਬੀ ਸੇ ਪੰਰੇ ਨੰਸਹਰੇ ਸੇ ਉਰੇ ...ਨਾ ਬਡੋ ਭਾਰੀ ਤੁਰਕੇ ਕੋ ਇਕਠ ਹੋ ਜਾਤੋ ਭਯੋ ॥ ਸਾਰੀ ਫੋਜ ਸਿੰਘੋ ਕੀ ਲੇਕੇ ਰਾਜਾ ਰਣਜੋਤ ...ਸਿੰਘ ਲੁੱਡੇ ਨਦੀ ਕੇ ਪਾਰ ਤੁਰਕੋ ਕੇ ਸਿਰ ਪਰ ਜਾ ਉਤਰਿਯੋ ॥ ਕੁਛ ਥੋੜੀ ਸੈਨਾ ਸੈਦੂ ਮੇ ਛੋਡ ...ਜਾਤੋ ਭਯੋ ਗੋਦੜਯੇ ਤੁਰਕ ਕੂੰ ਮਾਰਨੇ ਲੀਏ । ਉਸ ਸਮੇ ਸਤਰ ਹਜਾਰਕ ਸਿੰਘਾਂ ਕੀ ਫੋਜ ਹੋ ਗਈ ...ਥੀ ॥ ਸਿੰਘੋਂ ਨੇ ਆਪਸ ਮੈ ਸਭਾ ਲਗਾ ਕੇ ਬੀਚਾਰ ਕੀਆ ਕੇ ਇਸ ਕੰਟਕ ਰੂਪ ਕਲੰਕ ਕੂ ਪ੍ਰਥਮ ...ਨਾਸ ਕਰਕੇ ਪੀਛੇ ਫਿਰ ਦੇਖੀ ਜਾਇਗੀ । ਉਧਰ ਪੀਰ ਗ੍ਰਾਮ ਮੇ ਠੇਹਰੀ ਉਪਰਲੇ ਪਾਸੇ ਸਿਖੋ...ਨੇ ਅਪਨੀ ਸੈਨਾ ਜਮਾਇ ਦਈ ॥ ਇਧਰ ਸੈਦੂ ਗ੍ਰਾਮ ਮੈ ਦੋ ਤੀਨ ਮਹੀਨੇ ਪ੍ਰਯੰਤ ਸਿਖੋਸੇ ਗੋਦੜਯ...ਆਕੀ ਹੋਕੇ ਬੈਠੇ ਰਹਯੋ ॥ ਗੋਦੜਜੇ ਬੜੇ ਭਾਰੀ ਨਿਸ਼ਾਨੇਬਾਜ ਤੀਰਸੇ ਔ ਬੰਦੂਕ ਕੀ ਗੋਲੀ ਸੇ ...ਰਤੇ ਹੂਏ ਦੀਪਕ ਕੀ ਬਤੀ ਮਾਰਕੇ ਨਿਕਾਸ ਦੇਤੇ ਥੇ ॥ ਇਸ ਪ੍ਰਕਾਰ ਕਾ ਨਿਸ਼ਾਨੇ ਬਾਜ ਸ਼ਸਤ੍ਰ...ਵਿਦਯਾ ਮੈ ਬਡੇ ਨਿਪੁਨ ਨਾਮ ਚਤੁਰਥਾ ॥ ਜਿਸਕੋ ਤਕੰਕੇ ਚੋਟ ਚਲਾਵੇ ਤਿਸਕੋ ਮਾਰ ਹੀ ਡਾਰ...ਰਮਾ ਉਕੇ ਨਹੀ ਇਸ ਪ੍ਰਕਾਰ ਸੇ ਸੈਕੜੇ ਸਿੰਘ ਤਿਸ ਦੁਸ਼ਟ ਨੇ ਮਾਰ ਡਾਰੇ ਥੇ ॥ ਗ੍ਰਾਮ ਬੀਚ...ਗੋਦੜਯੇ ਕੇ ਸਾਥ ਸਿੰਘੋ ਕੀ ਕੁਛ ਪੇਸ਼ ਜਾਵੇ ਨਹੀ ਬਡੇ ਲਾਚਾਰ ਹੋਕੇ ਸਿੰਘੋ ਨੇ ਦੂਤ ਕੇ ਹਾਥ...ਹ ਭੇਜਯਾ ਤੂੰ ਇਤਨਾ ਸੂਰਬੀਰ ਹੋਕੇ ਕੰਧਾਂ ਦੇ ਓਲੇ ਲੁਕ ੨ ਕੇ ਲੜਤਾ ਹੈ ॥ ਇਸ ਪ... ਹਮ ...ਜਾਨਤੇ ਹੈ ਕੇ ਤੂੰ ਕਿਸੇ ਪਠਾਣ ਦਾ ਪੁਤ੍ਰ ਨਹੀਂ ਹੈ ਕਿੰਤੂ ਕਿਸੇ ਜੂਲਾਹੇ ਕਾ ਪੁਤ੍ਰ ਹੈ ਜੇ ਤੂੰ ਕਿਸੇ ...ਪਠਾਣ ਕਾ ਪੁਤ੍ਰ ਹੋਵੇ ਤਬ ਬਾਹਰ ਮੈਦਾਨ ਮੈ ਨਿਕਸ ਕੇ ਨ ਲੜੇ ਤਾਂਤੇ ਤੂੰ ਪਠਾਣ ਕਾ ਪੁਤ੍ਰ ਨਹੀ... ॥ ਤਬ ਗੋਦੜਯੇ ਨੇ ਕਹਯਾ ਕੇ ਮੇਰੇ ਸਾਥ ਤਲਵਾਰ ਕਾ ਯੁਧ ਕਰੇ ਤੇ ਗੋਲੀ ਕੋਈ ਨ ਮਾਰ...ਬ ਮੈਦਾਨ ਮੈ ਨਿਕਸ ਕੇ ਮੈ ਯੁਦ ਕਰੂੰ ਗੋ ॥ ਤਬ ਦੂਤ ਨੇ ਕਹਯੋ ਬਹੁਤ ਅਛਾ ਤੁਮਕੋ ਗੋਲੀ ਕੋਈ ... ਮਾਰੇਗੋ ਅਰ ਤੁਮਾਰੀ ਔ ਤੁਮਨੇ ਭੀ ਗੋਲੀ ਨ ਮਾਰਨੀ । ਬੀਰ ਤੁਮਸੇ ਤਲਵਾਰ ਕਾ ਹੀ ਯੁਧ ...ਸਿੰਘੋ ਸੇ ਹੀ ਹੋਵੇਗਾ ਤੂੰ ਭੀ ਆਪਕੋ ਬਡੋ ਸੂਰ ਤਬ ਔ ਭਲਹਥੇ ਬਾਜ ਕਹਾਵਤੇ ਹੈ ਔ ਸਿੰਘ ਭੀ ...ਆਪਕੋ ਬਡੇ ਸੂਰ ਬੀਰ ਮਾਨਤੇ ਹੈ ਸਿੰਘ ਭੀ ਤੁਝ ਸੂਰਮੇ ਕੇ ਹਾਥ ਦੇਖੇ ਚਾਹਤੇ ਹੈ ਔਰ ਤੁਮ ਕੋ ...ਭੀ ਅਪਨੇ ਹਾਥ ਦਿਖਾਇਆ ਚਾਹਤੇ ਹੈ ਐਸੇ ਗੋਦੜਯੇ ਤੁਰਕ ਸਾਥ ਨੇਮ ਧਰਮ ਈਮਾਨ ਕਰਕੇ

ਤੁਰਕ ਕੂੰ ਬਾਹਰ ਮੈਦਾਨ ਮੈ ਨਿਕਾਸਯਾ ਸਭਨੇ ਦੇਖਯਾ ਕੇ ਗੋਦੜਯਾ ਤੁਰਕ ਬਡੇ ਭਾਰੀ ਜੁਆਨ ਸੂਰ ਬੀਰ ਹੈ ਲੋਹੇ ਕੇ ਟੋਪ ਸਿਰ ਪਰ ਰਖਯੇ ਹੂਓ ਹੈ ਔ ਪਟੀਆਂ ਚਡੀ ਹੂਈ ਹੈ ਸੰਜੋਇ ਪਹਿਰ ਹੂਈ ਹੈ ਔ ਘੋੜੇ ਕੇ ਊਪਰ ਭੀ ਸੰਜੋ ਪਾਈ ਹੋਈ ਹੈ ਬਡੇ ਘੋੜੇ ਪਰ ਅਸਵਾਰ ਹੋਕੇ ਨਿਕਸਤੇ ਭਯੇ ਔ ਚਾਰ ਹਜਾਰ ਤੁਰਕ ਖਡੇ ਸੂਰ ਬੀਰ ਸਡੇ ੨ ਜੁਆਨ ਤਿਸਕੇ ਸਾਥ ਨਿਕਸੇ ਸਾਰੇ ਤੁਰਕ ਸੰਜੋਆ ਵਾਰੇ ਮੈਦਾਨ ਮੈ ਨਿਕਸੇ ਸਭ ਸੇ ਪਹਲੇ ਹਾਥ ਮੈ ਨੰਗੀ ਤਲਵਾਰ ਲੈਕੇ ਮੈਦਾਨ ਮੈ ਘੋੜਾ ਫੇਰਕੇ ਸਿੰਘ ਕੇ ਸਮਾਨ ਗਰਜ ਕੇ ਬਡੇ ਅਭਿਮਾਨ ਸੇ ਸਿਖੋ ਸੇ ਬੋਲਯਾ ਕੇ ਹੈ ਕੋਈ ਤੁਮਾਰੇ ਮੈ ਦੂਥਨੀ ਜਾਯਾ ਜੋ ਮੇਰੇ ਸਾਥ ਮੈਦਾਨ ਮੈ ਤਰਵਾਰ ਸੇ ਯੁਧ ਕਰੇ ਔ ਸਿੰਘੋ ਤੁਮਕੋ ਔ ਸਿੰਘੋ ਤੁਮਕੋ ਖੁਦਾ ਕੀ ਕਸਮ ਹੈ ਹਮ ਕੂੰ ਗੋਲੀ ਕਿ ਸੋਨੇ ਨ ਮਾਰਨੀ ਤਰਵਾਰ ਸੇ ਜੈਸੇ ਤੁਮਾਰੀ ਮਰਜ਼ੀ ਹੋਵੇ ਤੈਸੇ ਲੜੋ ਐਸੇ ਕਹਤੇ ਹੀ ਥੇ ਜੋ ਏਕ ਸਿੰਘ ਬਡੇ ਧੀਰਜ ਵਾਰੋ ਘੋੜਾ ਕੁਦਾਇਕੇ ਗੋਗੜਯੇ ਕੇ ਸਨਮੁਖ ਆਇ ਜਾਤੇ ਭਯੇ ਦੋਨੋ ਜੋਤਵਾਰ ਲਾਗੇ ਆਪਸ ਮੈ ਸ਼ਸਤ੍ਰ ਵਿਦਯਾ ਦਿਖਾਨੇ ਘੜੀ ਦੁਇਕ ਖੂਬ ਯੁਧ ਕੀਆ ਜੈਸੇ ਠਟਿਆਰੇ ਘਾੜ ਘੜਤੇ ਹੈ ਤੈਸੇ ਸੰਜੋਆਂ ਪਰ ਔ ਢਾਲੋ ਪਰ ਤਰਵਾਰੋ ਕੇ ਠਣਕਾਰ ਹੋਤੇ ਭਏ ਅੰਤ ਕੋ ਤਿਸ ਸਿੰਘ ਕੋ ਜਿਉ ਤਕਕੇ ਕੰਧੇ ਉਪਰ ਤਰਵਾਰ ਚਲਾਈ ਜੈਸੇ ਕਾਸ਼ੀ ਮੈ ਕਲਵਤ੍ਰ ਚੀਰ ਕੇ ਏਕ ਕੇ ਦੋਕਰ ਡਾਰਤੇ ਹੈ ਤੈਸੇ ਹੀ ਸਣ ਸੰਜੋ ਤਿਸ ਸਿੰਘ ਕੇ ਗੋਦੜਯੇ ਨੇ ਦੋ ਟੁਕੜੇ ਕਰ ਡਾਰੇ ਪੁਨਾ ਔਰ ਏਕ ਘੋੜਾ ਪ੍ਰੇਰਕੇ ਤੁਰਕ ਕੇ ਸਨਮੁਖ ਹੂਆ ਜਾਤੇ ਹੀ ਤਿਸਕੇ ਸਿਰ ਪਰ ਤਰਵਾਰ ਚਲਾਈ ਤਿਸਕਾ ਵਾਰ ਬਚਾਇਕੇ ਫਿਰ ਤੁਰਕ ਨੇ ਵਾਰ ਕੀਆ ਤਬ ਸਿੰਘ ਨੇ ਭੀ ਢਾਲ ਪਰ ਤਿਸ ਕਾ ਵਾਰ ਲੈ ਲੀਆ ਇਸੀ ਚਾਲ ਸੇ ਘੜੀਕ ਤਿਸ ਨੇ ਭੀ ਯੁਧ ਕੀਆ ਆਖਰ ਕੋ ਗੋਦੜਯੇ ਨੇ ਤਿਸ ਸਿੰਘ ਕੋ ਭੀ ਮਾਰ ਲੀਆ ਇਸੀ ਚਾਲ ਸੇ ਏਕ ੨ ਕਰਕੇ ਦਸ ੧੫ ਸਿੰਘੋ ਕੋ ਗੋਦੜਯੇ ਨੇ ਮਾਰ ਡਾਰਯਾ ॥ ਪੁਨਾ ਏਕ ਸਾਹਿਬ ਜਾਦਾ ਸ਼ਸਤ੍ਰ ਵਿਦਯਾ ਮੈ ਬਡੇ ਨਿਪੁਨ ਸੁੰਦਰ ਜੁਆਨ ਸੂਰ ਬੀਰ ਤਿਸ ਨੇ ਤੁਰਕ ਕੇ ਸਾਥ ਪਾਚ ਚਾਰ ਘੜੀ ਖੂਬ ਯੁਧ ਕੀਆ ਜਰਾ ਭੀ ਨੇਤ੍ਰ ਤਿਸਨੇ ਨਹੀ ਝਮਕਯਾ ਤਬ ਗੋਦੜਜੇ ਨੇ ਕਹਯਾ ਮਾਰੇ ਇਸ ਕੋ ਪੀਛੇ ਸੇ ਕਿਉ ਨਹੀ ਮਾਰਤੇ ਤਿਸ ਕੀ ਬਾਤ ਸੁਣ ਕੇ ਸਾਹਿਬ ਜ਼ਾਦੇ ਮੁਖ ਤਨੀਕ ਪੀਛੇ ਕੋ ਫੇਰ ਕੇ ਦੇਖਨੇ ਲਾਗੇ ਜੋ ਗੋਦੜਯੇ ਨੇ ਮਾਰ ਕੇ ਤਰਵਾਰ ਤਿਸ ਕੇ ਭੀ ਦੋ ਟੁਕੜੇ ਕਰ ਡਾਰੇ ਜਬ ਐਸੇ ਧੋਖਾ ਦੇ ਕੇ ਗੋਦੜਜੇ ਨੇ ਸਾਹਿਬਜ਼ਾਦੇ ਕੋ ਮਾਰਾ ਤਬ ਏਕ ਸਿੰਘ ਨੇ ਕਹਯੋ ਕੇ ਇਸ ਤੁਰਕ ਨੇ ਅਬ ਧੋਖਾ ਦੇਕੇ ਸਾਹਿਬਜ਼ਾਦੇ ਕੋ ਸਾਰ ਡਾਰਯੋ ਹੈ ਯੇ ਤੁਰਕ ਤੋ ਇਸ ਚਾਲ ਸੇ ਸਾਰੇ ਹੀ ਸਿੰਘੋਂ ਕੋ ਨਿਬੇੜ ਦੇਵੇ ਗਾ ਔ ਬਹੁਤੇ ਹੀ ਸਿੰਘ ਇਸ ਤੁਰਕ ਨੇ ਨਿਬੇੜ ਕੀ ਕੋ ਗੁ... ਕਉਂ ਨਹੀਂ ਮਾਰਤੇ ਮਾਰ ਕੇ ਗੋਲੀ ਅਬੀ ਇਸ ਤੁਰਕ ਕੋ ਗਿਰਾ ਦੇਵੇ ਜਲਤੀ ਸੇ ਐਸੇ ਪੁਤ ਸਨਮੁਖ ਕਹਤੇ ਹੀ ਥੇ ਜੋ ਏਕ ਸਿੰਘ ਨੇ ਮਾਰ ਕੇ ਦੁਗਾੜਾ ਗੋਦੜਯੇ ਕੋ ਘੋੜੇ ਕੇ ਨੀਚੇ ਫੇਕ ਦੀਆ ਇਸ ਤੁਰਕ ਕੇ ਗਿਰਤੇ ਹਾ ਦੋਨੋ ਸੈਨਾ ਕੋ ਹਲਾ ਹੋ ਪਰਯੋ ਪਰੰਤੂ ਭੂਪ ਬਿਨਾ ਕਰੇ ਕੋਨ ਲਰਾਈ ਸਰਦਾਰ ਮਾਰੇ ਜਾਨੇ ਸੇ ਤੁਰਕੋਂ ਕੇ ਹੋਂਸਲੇ ਧੀਰਜ ਟੂਟ ਗਏ ਥੋਰੀ ਸੀ ਦੇਰੀ ਤਕ ਲਰੇ ਕੁਛ ਮਾਰੇ ਗਏ ਅੰਤ ਕੋ ਅਪਨੇ ਪ੍ਰਾਣ ਲੈ ਕੇ ਭਾਗ ਗਏ ਇਸ ਪਰਕਾਰ ਸੇ ਸ੍ਰੀ ਗੁਰੂ ਜੀਕੀ ਸਹਾਯਤਾ ਸੇ ਸਿੰਘੋਂ ਨੇ ਬੜੀ ਜੀਤ ਪਾਈ ਅਗਲੇ ਦਿਨ ਸਾਰੀ ਸੈਨਾ ਸਰਕਾਰ ਕੇ ਸਾਥ ਜਾਇ ਮਿਲੀ ॥ ਇਤਿ ਗੋਦੜੀਆ ਤੁਰਕੇਸ ਬਧਹ ॥

ਅਬ ਪੀਰ ਜੁਧ ਪ੍ਰਸੰਗ :- ਅਬ ਜੈਸੇ ਪੀਰ ਮੈ ਯੁਧ ਤੁਰਕੋਂ ਕੇ ਸਾਥ ਸਿੰਘੋਂ ਕਾ ਹੂਆ
ਿ ਭੀ ਥੋਰੀ ਸੀ ਕਥਾ ਸੁਣ ਲੇਵਹੁ ਜਬ ਗੇਦੜਜੇ ਕੇ ਸਾਥ ਚਾਰ ਹਜ਼ਾਰ ਤੁਰਕ ਭੀ ਕੁਛ ਮਾਰ ਲੀਏ
ੁਛ ਉਠ ਭਾਗੇ ਤਬ ਤੁਰਕ ਲੋਕੋਂ ਕੂੰ ਬਡੋ ਤ੍ਰਾਸ ਆਇਕੇ ਪ੍ਰਾਪਤ ਹੂਆ ਜੋ ਦੋ ਚਾਰ ਤੁਰਕੋਂ ਕੂੰ
ਸੰਘੋਂ ਕੇ ਸਨਮੁਖ ਠਾਢਾ ਕਰਨੇ ਲਇ ਬ੍ਰਿਛ ਕੇ ਸਾਥ ਭੀ ਬਾਂਧ ਰਖੇ ਹੈ ਤਬ ਕਿਸੀ ਨੇ ਸੁਨਾਇ
ੀਆ ਅਥਵਾ ਦੇਵ ਨੇਤ ਸੇ ਏਕ ਸਿੰਘ ਨੇ ਭੀ ਉਨ ਕੋ ਦਿਖਾਈ ਦੇ ਦਿਤੀ ਤਬ ਬ੍ਰਿਛ ਕੋ ਭੀ
ਖਾੜ ਕੇ ਲੈ ਜਾਵੇ ਭਾਗ ਜਾਵੈ ਐਸੀ ੨ ਕਾਯਰਤਾ ਤੁਰਕੋ ਕੀ ਦੇਖਕੇ ਅਪਸਰੋ ਕੇ ਗਣ ਜਿਨ
ਰਕੋ ਕੂੰ ਰਣ ਮੈ ਸਨਮੁਖ ਪ੍ਰਾਨ ਤਯਾਗਨ ਵਾਲਜੋ ਕੂੰ ਬਿਬਾਨੋ ਪਰ ਚਢਾਇ ਕੇ ਸੂਰਗ ਕੂੰ ਲੇ
ਲੀ ਥੀ ਉਨ ਕੂੰ ਭੀ ਬਿਬਾਨੋ ਸੇ ਨੀਚੇ ਫੈਕ ਕੇ ਰਣਭੂਮੀ ਕੂੰ ਛੋਡ ਕੇ ਭਾਗ ਜਾਤਯਾਂ ਭਈਆਂ
ਹਤਯਾਂ ਭਈਆਂ ਕੇ ਜਾਹੁਰੇ ਕਾਇਰੋ ਤੁਮਾਰੋ ਐਸੋ ਨਾਲਾਯਕ ਬੰਸ ਹੈ ਐਸੇ ਕਹਕੇ ਤਯਾਗ ਦੇਤਯਾ
ੀਆਂ ਇਸ ਓਰ ਨੌਸ਼ੈਸਰੇ ਕੇ ਪਰਬਤ ਪਰ ਦਸ ਹਜ਼ਾਰ ੧੦੦੦੦ ਤੁਰਕ ਗਾਜੀ ਹੋਣੇ ਵਾਰੇ ਚਢ
ਤੇ ਭਯੇ । ਔ ਕਾਸ਼ਮੀਰ ਕੋ ਸੂਬੇ ਜੋ ਕਸ਼ਮੀਰ ਸੇ ਭਾਗ ਕੇ ਗਯੇ ਥੇ ਸੋ ਤੀਸ ਭਾਈ ਥੇ ਸੋ ਸਾਰੇ
ਏਕਠੇ ਹੋ ਕੇ ਅਪਨੇ ਘਰ ਕੀ ਸਠ ਹਜ਼ਾਰ ਕਲਮੀ ਤੁਰਕੋ ਕੀ ਸੈਨਾ ਸਾਥ ਲੈਕੇ ਆਇ ਜਾਤਿ
ੇ ਦੋਸਮਹਮਦ ਭੀ ਅਪਨੀ ਕਲਮੀ ਸੈਨਾ ਬਹੁਤ ਭਜਤੇ ਭਯੇ ਤਥਾ ਮੁਲਖੀਓ ਮਿਲ ਕੇ ਪੁਨਾ ਤੀਨ
ਰ ਲਾਖ ਮੁਸਲਮਾਨ ਏਕਠੇ ਹੋ ਜਾਤੇ ਭਯੇ । ਇਧਰ ਸਤਰਕ ੭੦੦੦੦ ਹਜ਼ਾਰ ਕੀ ਭੀੜ ਭਾੜ
। ਨੌਸ਼ੈਹਰੇ ਔ ਪੀਰ ਗ੍ਰਾਮ ਕੇ ਬੀਚ ਮੈ ਦੋਨੋ ਦਲੋ ਕੇ ਮੁਕਾਬਲੇ ਹੋਤੇ ਭਏ । ਪਰਬਤ ਕੇ ਊਪਰ
ਕ ਔ ਪਰਬਤ ਕੇ ਮੂਲ ਮੈ ਸਿੰਘੋ ਕੀ ਸੈਨਾ । ਕੁਛਕ ਤੁਰਕੋਂ ਕੀ ਸੈਨਾ ਜੋ ਪਰਬਤ ਕੇ ਨੀਚੇ
ਪਹਿਲੇ ੨ ਅਗੇ ਵਧਕੇ ਸ੍ਰੀ ਫੂਲਾ ਸਿੰਘ ਜੀ ਨਿਹੰਗੋਂ ਕੀ ਸੈਨਾ ਲੈ ਕੇ ਬਿਨਾਹੀ ਸਰਕਾਰ ਕੇ
ਮ ਸੇ ਤੁਰਕੋ ਕੇ ਗਲ ਜਾਇ ਪਰੇ । ਜੈਸੇ ਕੋਈ ਮਖੀਰ ਕੋ ਛੇੜ ਦੇਵੇ ਤਬ ਮਖੀਰ ਕੀ ਮਖਯਾ
ਕੇ ਗਿਰਦੇ ਹੋਇ ਜਾਤਯਾਂ ਹੈਂ ਤੈਸੇ ਹੀ ਤੁਰਕ ਨਿਹੰਗ ਸਿੰਘੋਂ ਕੀ ਸੈਨਾ ਕੇ ਗਿਰਦੇ ਹੋ ਜਾਤੇ
ਜੈਸੇ ਤੀਨ ਦਿਨ ਕੇ ਭੂਖੇ ਕੂੰ ਚਥੀਨੋ ਭੀ ਮਿਲ ਜਾਵੇ ਤਬ ਮਨੁਖ ਵੋ ਬਡੋ ਪ੍ਰਸੰਨ ਹੋਕੇ ਲੇਤੇ ਹੈ ।
ੁਧ ਕਰ ਕਰ ਕੇ ਕਬੀ ਭੀ ਰਾਜੀ ਨਹੀਂ ਹੂਏ ਥੇ ਸੋ ਇਸ ਸ੍ਰੀ ਫੂਲਾ ਸਿੰਘ ਜੀ ਕੇ ਯੁਧ ਮੇ
ਕੇ ਰਾਜੀ ਹੋਜਾਤੇ ਭਏ । ਅਰਥਾਤ ਤ੍ਰਿਪਤ ਹੋਜਾਤੇ ਭਏ । ਪਹਲੇ ਦਲਾਂ ਮਿਲੰਦਿਆ ਭੇੜ ਪਇਆ
ਗਾਂ । ਅਬ ਰਣ ਕੇ ਰੰਗ ਰੂਪ ਕੂੰ ਦੇਖ ਜੋ ਕਰਤਾਰ ਕਯਾ ਕੌਤਕ ਕਰਤੇ ਹੈ ਤਬ ਕਿਸੀ ਨੇ
ਕਾਰ ਰਣਜੀਤ ਸਿੰਘ ਸੇ ਕਹਯਾ ਕੇ ਨਿਹੰਗੋਂ ਸਿੰਘੋਂ ਕੀ ਸੈਨਾ ਲੈਕੇ ਸ੍ਰੀ ਫੂਲਾ ਸਿੰਘ ਜੀ ਤੁਰਕੋ
ਗਲ ਜਾਇ ਪਰੇ ਹੈ ਔ ਤੁਰਕ ਭੀ ਹਲਾ ਕਰਕੇ ਬਢ ਆਵਤੇ ਹੈ । ਜਬ ਬੰਦੂ[illegible]
ਓਰ ਤੇ ਚਲਨੇ ਲਾਗੀ ਤਬ ਹਲਾ ਕਰਕੇ ਨਿਹੰਗ ਸਿੰ[illegible] ਕਰੋ ਤੇ ਗੋਲੀ ਕੇ ਸਮੀ[illegible] ਤੇ ਨਹੀ
ਕਾਰ ਨੇ ਕਹਯੇ ਕੇ ਨਿਹੰਗ ਸਿੰਘ ਜੀ ਨੇ ਆਛੇ ਕਾਮ ਨਹੀਂ ਕਾਓਂ ਹੈ । ਅਬੀ ਹਮਾਰੀ ਸੈਨਾ
ਕੁਛ ਬੰਦੋਬਸਤ ਠੀਕ ੨ ਨਹੀਂ ਹੂਆ ਥਾ ਅਬ ਤੁਰਕੋਂ ਕੂੰ ਗਲ ਪਾਇਕੇ ਅਬ ਪੀਛੇ ਹਟਨੋ
ਨਹੀਂ ਬਨਤੋ ਹੈ । ਉਸੀ ਵਕਤ ਸਰਕਾਰ ਨੇ ਹੁਕਮ ਦੀਓ ਕੇ ਬਹੁਤ ਹੀ ਸਿੰਘੋਂ ਕੀ ਸਾਰੀ
ਸਨਧ ਬਧ ਹੋਕੇ ਰਣ ਮੈ ਪਹੂੰਚੇ । ਤਾਤਕਾਲ ਹੀ ਉਸੀ ਵਕਤ ਬਿਕਲ ਹੂਆ ਯੁਧ ਕਾ
ੂ ਲੈ ਲੈ ਕੇ ਸੂਰਬੀਰ ਭਿਰਣੇ ਲੀਏ ਰਣ ਮੰਡਲ ਮੈ ਪ੍ਰਾਪਤ ਹੋਤੇ ਭਏ । ਜਬ ਸਿੰਘ ਹਲਾ
ਕੇ ਪਰਬਤ ਕੇ ਸਮੀਪ ਪਹੁਚੇ ਕੇ ਪਰਬਤ ਕੇ ਊਪਰ ਕੁਛਕ ਚਢੇ ਤਬ ਉਪਰ ਸੇ ਸਿਪਾਵੇ ਵਾਲਯਾ

ਰਫਲਾ ਬੜਜੋਂ ਬੰਦੂਕੋਂ ਕੀ ਤੁਰਕੋ ਨੇ ਮਾਰ ਕਰੀ ਇਸ ਚਾਲ ਕੇ ਰਫਲੋਂ ਬੰਦੂਕੋਂ ਕੇ ਸਿਪਾਵੇ ਹੋਤੇ ਹੈ ਰਫਲਾਂ ਬੰਦੂਕਾਂ ਕੇ ਅਗਲੇ ਇਸ ਚਾਲ ਕੇ ਸਿਪਾਵੇ ਜ਼ਿਮੀਨ ਪਰ ਟਿਕਾਇਕੇ ਚਲਾਈ ਜਾਤੀ ਹੈਂ ਹਾਥੋਂ ਪਰ ਰਖਕੇ ਨਹੀਂ ਚਲਾਇਸਕੀਤੀ ਛਟਾਂਕ ਭਰਕੀ ਗੋਲੀ ਤਿਸ ਮੈ ਪਰਤੀ ਹੈ ਜਿਸ ਘੋੜੇ ਔ ਜੁਆਨ ਕੋ ਰਫਲ ਕੀ ਗੋਲੀ ਲਾਗ ਜਾਤੀ ਹੈ ਪੁਨਾ ਵਹੁ ਪਾਣੀ ਨਹੀਂ ਮਾਗਤੇ ਹੈ ਅਢਾਈ ਤੀਨ ਮੀਲ ਤਕ ਮਾਰ ਕਰਤੀ ਹੈ। ਪਰਬਤ ਕੇ ਊਪਰ ਸਿੰਘ ਚਢਤੇ ਜਾਵੈ ਔ ਸ਼ਸਤ੍ਰੋਂ ਗੋਲਯੋਂ ਕੇ ਪਰਹਾਰ ਸੇ ਨੀਚੇ ਗਿਰਤੇ ਜਾਵੈਂ। ਜੋਨਸੇ ਸਿੰਘ ਹਲਾ ਕਰਕੇ ਪਰਬਤ ਕੇ ਸਿਖਰ ਚਢ ਭੀ ਜਾਤੇ ਹੈਂ ਉਨ ਕੂੰ ਤੁਰਕ ਤਰਵਾਰੋ ਔ ਛੁਰਯੋਂ ਸੇ ਕਾਟਕੇ ਨੀਚੇ ਫੇਰ ਦੇਤੇ ਹੈ। ਇਸ ਪ੍ਰਕਾਰ ਸੇ ਘੜੀ ਚਾਰਕ ਮਹਾ ਜੁਧ ਹੋਤੇ ਭਯੋ ਕ੍ਰਿਪਾ ਕੀ ਸਾਗਰ ਸ੍ਰੀ ਭਗਵਤੀ ਸੂਰਮਯੋ ਕੇ ਰੁਧਿਰ ਪਾਨ ਕਰਕੇ ਪ੍ਰਸੰਨ ਹੋਕੇ ਗਰਜਤੀ ਭਈ ਔ ਮਹਾਂਰੁਦ੍ਰਜੀ ਸੂਰਮਯੋ ਕੇ ਸਿਰੋ ਕੀ ਮਾਲਾ ਬਨਾਨੇ ਲੀਏ ਆਤੇ ਭਏ ਮਹਾ ਭਯਾਨਕ ਜੁਧ ਦੇਖਕੇ ਪ੍ਰਸੰਨ ਹੋਤੇ ਭਏ ਕਲ ਨਾਰਦ ਜੀ ਡੌਰੂ ਬਜਾਇਕੇ ਜਟਾ ਫੈਲਾਇਕੇ ਨਾਚਤੇ ਭਏ ਮਹਾ ਭਯਾਨਕ ਰੂਪ ਸ੍ਰੀ ਭੈਰਵ ਜੀ ਰੁਧਿਰ ਪਾਨ ਕਰਕੇ ਪ੍ਰਸੰਨ ਹੋਕੇ ਭਭਕਾਰਤੇ ਭਏ। ਚੌਸਾਠ ਜੋਗਨਯੋਂ ਕੂੰ ਸਾਥ ਲੈਕੇ ਰੁਧਿਰ ਪਾਨ ਕਰਕੇ ਸ੍ਰੀ ਭੈਰਵੀ ਜੀ ਨਿਰਤਕਾਰੀ ਕਰਤੀ ਭਈ ਤਥਾ। ਭੂਤਪਿਸਾਚ ਡਾਕਿਨੀ ਝਾਕਨੀ ਸਾਕਿਨੀ ਆਦਿਕ ਮਾਂਸ ਅਹਾਰੀ ਚਾਰੋ ਓਰ ਸੇ ਆਇ ਫਿਰੇ ਗ੍ਰਿਧ ਕਾਕ ਸ੍ਰਿਗਾਲ ਬ੍ਰਿਕ ਕੂਕਰ ਬਨਮਾਰਜਾਰ ਆਦਿਕ ਮਾਂਸਹਾਰੀ ਜੀਵ ਰਣ ਭੂਮੀ ਮੈ ਮਾਂਸ ਭਖਣੇ ਲੀਏ ਐਸੇ ਸ਼ਬਦ ਕਰਣੇ ਹੈਂ ਮਾਨੋ ਚਟਮਾਲਾ ਮੈ ਬਾਰਕ ਪਢ ਰਹੇ ਹੈ।

ਊਪਰ ਅਕਾਸ਼ ਮੈ ਅਕਾਸ਼ਚਾਰੀ ਬਿਬਾਨੋ ਪੂਰ ਬੈਠ ੨ ਕੇ ਸਿੰਘੋਂ ਔ ਤੁਰਕੋਂ ਕੇ ਯੁਧ ਦੇਖਨੇ ਕੋ ਆਵਤੇ ਭਏ ਸਿਧ ਚਾਰਨ ਗੰਧਰਬ ਵਿਦਯਾਧਰ ਜਛ ਕਿੰਨਰ ਆਦਿਕ ਆਵਤੇ ਭਏ। ਇਧਰ ਸ਼ਸਤ੍ਰ ਬਾਂਧ ੨ ਕੇ ਰਣ ਭੂਮੀ ਕੀ ਓਰ ਸੂਰਮੇਂ ਦੋੜੇ ਆਵਤੇ ਹੈਂ ਬਡੇ ਉਤਸਾਹ ਕਰਕੇ। ਉਧਰ ਸੂਰਬੀਰੋਂ ਕੇ ਵਰਣੇ ਲੀਏ ਅਪਸਰਾ ਸ਼ਿੰਗਾਰ ਲਗਾਇ ਰਹੀ ਹੈ। ਇਧਰ ਰਣ ਮੈ ਸੂਰਮੇਂ ਮਾਰ ੨ ਸ਼ਬਦ ਕਰ ਰਹੇ ਹੈ ਸ਼ਸਤ੍ਰੋਂ ਕੇ ਚਲਨੇ ਕੇ ਸ਼ਬਦ ਹੋ ਰਹੇ ਹੈ। ਉਧਰ ਅਪਸਰੋਂ ਕੇ ਗਣ ਆਕਾਸ਼ ਮੇ ਨਿਰਤਕਾਰੀ ਕਰ ਰਹੇ ਹੈ ਔ ਤਿਨਕੇ ਗਾਨ ਕੇ ਸ਼ਬਦ ਹੋ ਰਹੇ ਹੈ। ਇਧਰ ਬਡੇ ਹਰਖ ਸੇ ਸੂਰਮੇ ਮਯਾਨ ਸੇ ਖੜਗ ਨਿਕਾਸ ਰਹੇ ਹੈ ਉਧਰ ਅਪਸਰਾ ਬੀਰੋਂ ਕੇ ਹਿਤ ਮਾਂਗ ਸਵਾਰ ਰਹੀ ਹੈਂ ਇਧਰ ਰਣ ਭੂਮੀ ਕੋ ਦੇਖਕੇ ਸੂਰਬੀਰੋਂ ਕੇ ਚਿਤ ਮੈਂ ਬਡੇ ਚਾਉ ਚਢ ਗਯੇ ਹੈ ਉਧਰ ਬਡੇ ਚਾਉ ਕਰਕੇ ਅਪਸਰੈ ਹਾਥ ਪਾਉ ਮੈ ਮੈਹਦੀ ਲਗਾਇ ਰਹੀ ਹੈਂ ਇਧਰ ਏਕ ੨ ਸੂਰਮੇ ਕੋ ਏਕ ੨ ਸੂਰਮਾ ਯੁਧ ਲੀਏ ਵੰਗਾਰਤੇ ਹੈ ਉਧਰ ਬਡੇ ਹਰਖ ਸੇ ਅਪਸਰੇਂ ਰੋਮੋ ਕੇ ਬੀਚ ਮੇ ਰਤਨ ਮੋਤਯੋਂ ਕੀਆਂ ਲੜੀਆਂ ਦੇ ਦੇ ਕੇ ਸੀਸ ਗੁਦਾਇ ਰਹੀ ਹੈ। ਇਧਹ ਰਣਭੂਮੀ ਮੈ ਮਾਰ ਮਾਰ ਕਰਤੇ ਹੂਏ ਮਈਉਂਥੇ ਪੂਤ ਸਨਮੁਖ ਸ਼ਸਤ੍ਰ ਪ੍ਰਹਾਰ ੨ ਕੇ ਰਣ ਭੂਮੀ ਮੈ ਗਿਰਤੇ ਗਿਰਾਵਤੇ ਹੈਂ ਉਧਰ ਆਪਸ ਮੈ ਝਗਰ ੨ ਕੇ ਅਪਸਰੈਂ ਸੁੰਦਰ ਸ਼ਿੰਗਾਰ ਧਾਰੀ ਆਪਿ ਆਪਿ ਅਪਨੇ ਬਿਬਾਨੋ ਪਰ ਚਢਾ ਕੇ ਸੂਰਮਯ ਕੋ ਸੁਰਗ ਮੈ ਲੇਜਾਤਯਾਂ ਹੈ। ਯੇਹ ਯੁਧ ਭੂਮੀ ਹੈ ਕੇ ਸ੍ਵੰਬਰ ਭੂਮੀ ਹੈ ਬਡੋ ਕੌਤਕ ਸੋ ਹੋ ਰਹਯੋ ਹੈ। ਤਬ ਤਿਸ ਯੁਧ ਵਿਖੇ ਸਿੰਘ ਬਹੁਤ ਹੀ ਦੇਵ ਲੋਕ ਕੋ ਪਧਾਰਤੇ ਭਏ ਕਾਹੇਤੇ ਤੁਰਕ ਪਰਬਤ ਪਰ ਹੈ ਔ ਸਿੰਘ ਨੀਚੇ ਸੇ ਊਪਰ ਕੋ ਜਾਤੇ ਹੈਂ ਤੁਰਕ ਤੋ ਬਹੁਤ ਥੋਰੇ ਸੇ ਲਾਗੇ ਔ ਸਿੰਘ ਹਜ਼ਾਰੋਂ ਦਰ ਹਜ਼ਾਰੋਂ ਕਾਮ ਆ ਜਾਤੇ ਭਏ। ਐਸੇ ਗੋਲਯੋਂ ਕੀ ਵਾਛੜ ਊਪਰ ਸੇ ਪੜਤੀ ਹੈ ਜੈਸੇ ਗੜਯੋਂ ਕੀ ਵਾਛੜ ਬਡੇ

ਧਾਰਾ ਫੇਰ ...

ਬੇਗ ਸੇ ਪਰਤੀ ਹੈ। ਦੋਨੋਂ ਓਰ ਸੇ ਗੋਲਯੋਂ ਕੀ ਬਰਖਾ ਹੋਤੀ ਭਈ ਜੋ ਊਚ ਨੀਚ ਕਾਯਰ ਤੇ ਸੂਰਮਾ ਏਕ ਸਾਰ ਏਕ ਜੈਸੇ ਹੋ ਜਾਤੇ ਭਏ ਥੋਰੇ ਸੇ ਦਿਨ ਚਢੇ ਸ੍ਰੀ ਫੂਲਾ ਸਿੰਘ ਜੀ ਮੇਘ ਕੇ ਸਮਾਨ ਗਰਜ ਕੇ ਹਲਾ ਕਰਕੇ ਆਗੇ ਕੋ ਬਢਤੇ ਭਏ ਔ ਤੁਰਕ ਭੀ ਆਗੇ ਬਢੇ ਜੈਸੇ ਬਿਜਲਯੋਂ ਕੇ ਸਮੂਹ ਸਹਤ ਕਾਲੇ ਮੇਘਾਂ ਕੀ ਘਟਾ ਆਵਤੀ ਹੈ। ਉਨਕੋ ਦੇਖਕੇ ਸ੍ਰੀ ਫੂਲਾ ਸਿੰਘ ਕੋ ਮੁਖ ਲਾਲ ਹੋ ਜਾਤੇ ਭਯੇ ਕ੍ਰੋਧਕੇ ਪ੍ਰਭਾਵ ਸੇ ਨੇਤ੍ਰੋਂ ਸੇ ਅੰਗਾਰ ਫੈਕਤੇ ਜਾਤੇ ਹੈ। ਜੈਸ ਕੂੰਜੋਂ ਕੇ ਸਮੂਹ ਪਰ ਕੂਹੀ ਔ ਬਾਜ ਬਟੇਰਯੋਂ ਕੇ ਸਮੂਹ ਪਰ ਟੂਟ ਪਰਤੇ ਹੈ ਤੈਸੇ ਨਿਹੰਗ ਸਿੰਘ ਜੀ ਤੁਰਕੋ ਕੇ ਸਮੂਹ ਪਰ ਟੂਟ ਪਰਤੇ ਭਏ ਮਾਰ ੨ ਕਰਤੇ ਔ ਅਕਾਲ ੨ ਕਰਤੇ ਹੂਏ ਉਧਰ ਤੁਰਕ ਭੀ ਅਲੀ ੨ ਕਹਕੇ ਆਇ ਪਰੇ ਘੜੀ ਦੋ ਇਕ ਖੂਬ ਯੁਧ ਹੂਆ ਤਬ ਸ੍ਰੀ ਫੂਲਾ ਸਿੰਘ ਜੀ ਕੇ ਪਟ ਮੇ ਰਫਲ ਕੀ ਗੋਲੀ ਲਾਗ ਜਾਤੀ ਭਈ। ਸ੍ਰੀ ਫੂਲਾ ਸਿੰਘ ਜੀ ਘੋੜੇ ਕੋ ਤਯਾਗ ਕੇ ਹਾਥੀ ਉਪਰ ਅਸ੍ਵਾਰ ਹੋ ਜਾਤੇ ਭਏ ਔ ਹਸਤੀ ਕੋ ਆਗ ਕੀਆ ਪੁਨਾ ਦੂਸਰੀ ਗੋਲੀ ਨਿਹੰਗ ਸਿੰਘ ਜੀ ਕੇ ਮਾਥੇ ਮੈ ਲਾਗ ਜਾਤੀ ਭਈ ਤਿਸ ਗੋਲੀ ਕੇ ਲਾਗਤੇ ਹੀ ਨਿਹੰਗ ਸਿੰਘ ਜੀ ਕੋ ਸੀਸ ਹਾਥੀ ਕੇ ਹੌਦੇ ਪਰ ਜਾਇ ਟਿਕਯੋ ਜੋ ਸੂਰਮਯੋ ਕੋ ਸੁਭਾਵ ਹੀ ਹੈ ਮਰਮ ਅਸਥਾਨ ਮੇ ਘਾਉ ਲਾਗਤੇ ਹੈ ਤਬ ਰਣ ਕੇ ਸਨਮੁਖ ਹੋਕ੍ਰੇ ਗਿਰਤੇ ਹੈ ਇਸ ਲੀਏ ਕਾਮਲ ਘਾਉ ਲਾਗਨੇ ਸੇ ਫੂਲਾ ਸਿੰਘ ਜੀ ਆਗੇ ਕੋ ਹੀ ਝੁਕੇ ਔ ਆਪ ਬੀਰੋ ਕੀ ਗਤੀ ਕੋ ਪ੍ਰਾਪਤ ਹੋਤੇ ਭਏ ਹੂਏ ਪਾਕ ਸ਼ਹੀਦ ਮੈਦਾਨ ਮਾਹੀ। ਸੋ ਅਬ ਤਕ ਭੀ ਸ੍ਰੀ ਫੂਲਾ ਸਿੰਘ ਜੀ ਕੀ ਸਮਾਧ ਪੀਰ ਗ੍ਰਾਮ ਮੇ ਬਨੀ ਹੂਈ ਹੈ ਨਦੀ ਕੇ ਤੀਰ ਪਰ ਸ਼ਹੀਦੋਂ ਸਿੰਘੋਂ ਕੀ ਮਨਤਾ ਹਿੰਦੂ ਮੁਸਲਮਾਨ ਆਦਿਕ ਸਭੀ ਲੋਕ ਕਰਤੇ ਹੈ। ਔ ਪੀਰ ਗ੍ਰਾਮ ਨਿਹੰਗ ਸਿੰਘ ਜੀ ਕੀ ਸਮਾਧ ਕੇ ਸਾਥ ਮਾਫੀ ਸਰਕਾਰੀ ਓਰ ਸੇ ਲਾਗ ਰਹਯੋ ਹੈ ਆਏ ਪਰਦੇਸੀ ਬਰਾਹਮਣ ਸੇ ਆਦ ਚਾਂਡਾਲ ਪ੍ਰਯੰਤ ਸਭ ਕੋ ਅੰਨ ਅਸਥਾਨ ਨਸ਼ਾ ਦੂਧ ਆਦਿਕ ਸਭੀ ਕੁਛ ਦੇਤੇ ਹੈ ਜਿਨ ਕੋ ਐਸੇ ਯਸ ਜਗਤ ਮੈ ਉਜਾਗਰ ਹੈ ਵੋ ਪੁਰਖ ਸੰਸਾਰ ਮੈ ਸਦਾ ਥਿਰ ਹੈ ਕਿੰਤੂ ਸਦਾ ਜੀਵਤੇ ਹੀ ਹੈ ਯਸ ਜੀਵਨ ਅਪਯਸ ਮਰਣ ਇਤਿ ਜਿਸ ਵੇਲੇ ਸ੍ਰੀ ਫੂਲਾ ਸਿੰਘ ਜੀ ਦੇਵ ਲੋਕ ਕੂੰ ਪਧਾਰੇ ਉਸ ਸਮੇ ਏਕ ਅਸਵਾਰ ਘੋੜਾ ਦੋੜਾਇ ਕੇ ਸਰਕਾਰ ਕੋ ਖਬਰ ਦੇਤੇ ਭਯੇ ਕ੍ਰੇ ਸ੍ਰੀ ਫੂਲਾ ਸਿੰਘ ਜੀ ਤ ਦੇਵਲੋਕ ਕੂੰ ਪਧਾਰ ਗਏ ਹੈਂ ਔ ਤੁਰਕੋਂ ਕੇ ਬਹੁਤ ਬਲ ਪਰ ਗਯੋ ਹੈ ਫੂਲਾ ਸਿੰਘ ਜੀ ਕੇ ਹਾਥੀ ਕੋ ਪੀਛ ਹਟਾਇ ਲਯਾਵੇ ਕੇ ਊਹਾ ਹੀ ਖੜਾ ਰਹੇ ਗੋਲੀ ਕੀ ਵਰਖਾ ਵਾਛੜ ਕੇ ਸਮਾਨ ਬਰਸਤੀ ਹੈ ਤਬ ਸਰਕਾਰ ਨੇ ਕਹਯੋ ਜੋ ਹਾਥੀ ਕੇ ਪੈਰ ਊਹਾਂ ਸੇ ਜਰਾ ਭੀ ਹਲਯਾ ਫੂਲਾ ਸਿੰਘ ਮਾਰਯੋ ਜਾਏ ਹੈ ਐਸੇ ਜਨ ਕੇ ਤਬ ਤੁਰਕ ਧਾਵਾ ਕਰਕੇ ਆਇ ਪਰੇ ਗੇ ਔ ਸਿੰਘੋ ਮੈ ਭਾਜ ਪਰ ਜਾਇਗੀ। ਜਾਹੁ ਜਲਤੀ ਹਾਥੀ ਕੇ ਪੈਰ ਮੈ ਖੂਬ ਦ੍ਰਿਢਤਰ ਸ੍ਰੰਗਲ ਮਾਰ ਕੇ ਤਹਾਂ ਹੀ ਖੜੇ ਰਾਖੋ ਤਹਾਂਤੇ ਹਾਥੀ ਨੂੰ ਹਲਨੇ ਭੀ ਮਤ ਦੇਵੋ ਤਬ ਹਾਥੀ ਕੇ ਪਗੋਂ ਮੇ ਸੰਗਲ ਡਾਰ ਕੇ ਤਹਾਂ ਰਣ ਭੂਮੀ ਮੈ ਹੀ ਖੜੇ ਰਾਖਯ। ਤਬ ਤੁਰਕੋਂ ਕੀ ਸੈਨਾ ਕੋ ਬਹੁਤ ਬਲ ਪਰਜਾਤੇ ਭਯੇ ਤੁਰਕ ਆਗੇ ਬਢਤੇ ਆਵੈ ਬਡੇ ਉਤਸਾਹ ਸੇ ਔ ਸਿੰਘ ਲੜਤੇ ਗਿਰਤੇ ਪਰਤੇ ਪੀਛੇ ਕੋ ਹਟਤੇ ਜਾਵ ਔ ਸਰਕਾਰ ਰਣਜੀਤ ਸਿੰਘ ਨੇ ਘੋੜੇ ਉਪਰ ਅਸਵਾਰ ਹੂਆ ੨ ਸੈਨਾ ਅਪਨੀ ਕੀ ਓਰ ਦੇਖਕ ਭੇਭੀਤ ਹੋਕੇ ਮਾਲਾ ਹਾਥ ਮੇ ਲੀਏ ਹੂਏ ਜਲਤੀ ੨ ਗੁਰੂ ਰਾਮਦਾਸ ੨ ਐਸੇ ਜਾਂਪ ਖੜੇ ਕੁਰ[illegible]ਹੈ ਉਸੀ ਸਮੇ ਏਕ ਸਿੰਘ ਘੋੜੇ ਪਰ ਅਸਵਾਰ ਹੂਆ ੨ ਰਣ ਭੂਮੀ ਕੀ ਓਰ ਘੋੜੇ ਕੂੰ ਦੋ[illegible]ਤਾ [illegible] ਸਰਕਾਰ ਸੇ ਕਹਤੇ ਹੈ ਕੇ ਗਾਰੀ ਨਿਕਾਰ ਕੇ ਬੋਲਾ ਜੋ

ਰਾਮ ਰਾਮ ਕਰਣੇ ਥੇ ਤਬ ਘਰ ਹੀ ਬੈਠੇ ਰਹਤੇ ਏਹ ਸਮੇ ਮਾਲਾ ਫੇਰਨੇ ਕੇ ਹੈ ਤੂੰ ਪਾਤਸ਼ਾਹ ਹੈਂ ਮਜਾਨ ਸੇ ਖੜਗ ਨਿਕਾਸ ਕੇ ਯੁਧ ਕੇ ਸਨਮੁਖ ਹੋ ਇਸ ਵਕਤ ਤੁਰਕੋ ਕੀ ਫੌਜ ਬਢੀ ਚਲੀ ਆਤੀ ਹੈ ਐਸੇ ਕਹਤਾ ਹੂਆ ਬਡੇ ਬੇਗ ਸੇ ਘੋੜਾ ਦੋੜਾਤਾ ਹੂਆ ਰਣ ਮੈ ਚਲੋ ਗਯੇ ਸਰਕਾਰ ਭੀ ਮਾਲਾ ਫੇਰਨੀ ਬੰਦ ਕਰਕੇ ਖੜਗ ਮਿਆਨ ਸੇ ਯੁਧ ਕੇ ਨਿਕਾਸ ਸਨਮੁਖ ਹੂਆ ਤਬ ਰਣ ਮੈ ਏਕ ਪਹਰ ਪ੍ਰਯੰਤ ਐਸੀ ਤਰਵਾਰ ਚਲੀ ਜਿਸ ਕੋ ਦੇਖ ਕੇ ਤੁਰਕੋਂ ਨੇ ਦਾਂਤੋ ਮੈ ਘਾਸ ਗ੍ਰਹਨ ਕਰ ਲੀਆ ਜੋ ਰਹੇ ਨਾਮ ਸਾਈ ਕਾ ਦੋਨੋ ਓਰ ਕੇ ਸੂਰਮਯੋ ਕੇ ਮਨ ਮੈ ਕੁਛ ਗੁਮਾਨ ਨ ਰਹ ਜਾਤੇ ਭਯੇ ਪੁਨਾ ਆਗੇ ਬਢ ਕੇ ਬਹੁਤ ਹੀ ਤੁਰਕੋਂ ਕੀ ਸੈਨਾ ਸਿੰਘੋਂ ਨੇ ਕਤਲ ਕਰ ਡਾਰੀ ਬਿਹਾਲ ਬਿਸੰਭਾਰ ਭੈਭੀਤ ਹੋਕੇ ਤੁਰਕ ਭਾਗ ਚਲੇ ਜੈਸੇ ਵਾਯੂ ਕੇ ਬੇਗ ਕੇ ਮਾਰੇ ਬਾਦਲ ਉਡ ਜਾਤੇ ਹੈਂ ਤੈਸੇ ਸਿੰਘੋਂ ਕੇ ਸਨਮੁਖ ਨ ਠਹਰ ਸਕੇ। ਇਧਰ ਗੜਦਾ ਘਟਾ ਸੇ ਦੋਸਮਹਮਦ ਕੇ ਭਾਯੋਂ ਨੇ ਸੁਲਤਾਨ ਮਮੂਦ ਅਮੀਰਖਾਂ ਸ਼ੇਰਖਾਂ ਆਦਿਕੋਂ ਨੇ ਲੁੰਡਾ ਨਦੀ ਕੇ ਪਾਰ ਕੇ ਕਿਨਾਰੇ ਸੇ ਚਾਰ ਹਜ਼ਾਰ ਤੁਰਕੋਂ ਕੇ ਚਾਰ ਬੇੜੇ ਭਰ ਕੇ ਭੇਜੇ ਕੇ ਤੁਮ ਪੀਛੇ ਸੇ ਸਿੰਘੋਂ ਕੋ ਮਾਰੋ ਆਗੇ ਸੇ ਵੋ ਮਾਰਤੇ ਹੈ ਇਨ ਮੈ ਏਕ ਭੀ ਸਿੰਘ ਜੀਵਤਾ ਜਾਨਾ ਨਾ ਪਾਵੇ। ਸ੍ਰੀ ਗੁਰੂ ਜੀ ਕੀ ਕ੍ਰਿਪਾ ਦ੍ਰਿਸ਼ਟੀ ਸੇ ਵੋ ਤੁਰਕੋਂ ਕੇ ਚਾਰੋ ਬੇੜੇ ਨਦੀ ਕੇ ਮਧਯ ਮੈ ਧਾਰਾ ਮੈ ਜਾਇ ਕੇ ਡੂਬ ਜਾਤੇ ਭਏ ਇਸੀ ਰੀਤੀ ਸੇ ਅਠਾਰਾਂ ਬੇੜੇ ਤੁਰਕੋ ਕੇ ਡੂਬ ਜਾਤੇ ਭਏ ਤਬ ਖਾਨਜਾਦੇ ਨਦੀ ਕੇ ਤੀਰ ਪਰ ਖੜੇਤੇ ਦਾਂਤ ਪੀਸ ਰਹੇ ਹੈ ਪੇਸ਼ ਕੁਛ ਜਾਤੀ ਨਹੀ ਹੈ ਐ ਕਹਤੇ ਭਏ ਕੇ ਆਜ ਖੁਦਾ ਸਿੰਘੋਂ ਕੀ ਓਰ ਹੋ ਗਯੇ ਹੈ ਇਸ ਰੀਤੀ ਸੇ ਸ੍ਰੀ ਗੁਰੂ ਜੀ ਕੀ ਸਹਾਯਤਾ ਸੇ ਰਣ ਵਿਖੇ ਸਿੰਘ ਤੁਰਕੋਂ ਕੋ ਜੀਤਤੇ ਭਏ ਚੋਈ ਪਚਾਸ ਹਜ਼ਾਰ ਸਿੰਘ ਠੇਹਰੀ ਚੇ ਯੁਧ ਮੇ ਲਾਗ ਜਾਤੇ ਭਯੇ ਐ ਤੁਰਚੋਂ ਕੀ ਗਨਨਾ ਨਹੀਂ ਰਹੀ ਲਾਖੋਂ ਹੀ ਮਾਰੇ ਜਾਤੇ ਭਏ ਜੋ ਦਸ ਹਜ਼ਾਰ ਗਾਜੀ ਹੋਣੇ ਕੋ ਤੁਰਕ ਆਯੇ ਥੇ। ਜਬ ਠੇਹਰੀ ਪਰ ਸਿੰਘ ਚਢੇ ਤਬ ਚੁਛ ਵੋ ਤੁਰਕ ਮਾਰ ਲੀਏ ਕੁਛ ਭਾਗ ਗਏ ਠੇਹਰੀ ਊਪਰ ਏਕ ਬਡੇ ਭਾਰੀ ਲੰਬੇ ਚੋੜੇ ਤਲਾਉ ਥੇ ਜੀਅ ਭੈਆਣੇ ਤੁਰਕ ਤਿਸ ਤਾਲ ਮੈ ਵੜ ਜਾਤੇ ਭਏ। ਤਬ ਸਿੰਘ ਨੇ ਬੰਦੂਕੋਂ ਸੇ ਤਾਲ ਕੇ ਬੀਚ ਹੀ ਭਨ ਡਾਰੇ ਪਾਣੀ ਤਾਲ ਕੇ ਸਾਰੇ ਲਾਲ ਲੋਹੂ ਰੰਗ ਕੇ ਹੋ ਜਾਤੇ ਭਯੇ। ਪੁਨਾ ਦੋਸ ਮਹਮਦ ਡੇਰੇ ਲਗਯੇ ਲਗਾਯੇ ਛੋਡ ਕੇ ਭਾਗ ਜਾਤੇ ਭਯੇ ਸਿੰਘੋਂ ਨੇ ਖੂਬ ਬਨਾਇਕੇ ਤਿਸ ਕੇ ਡੇਰੇ ਕੋ ਲੂਟਿਓ ਪੁਨਾ ਪਿਸ਼ੋਰ ਸੇ ਦੋ ਕੋਸ ਉਰੇ ਚਮਕੰਨਯਾ ਗ੍ਰਾਮ ਕੇ ਸਮੀਪ ਸਿੰਘੋਂ ਨੇ ਡੇਰੇ ਜਾਇ ਲਗਾਯੇ ਤਹਾਂ ਫੇਰ ਤੁਰਕੋਂ ਨੇ ਸਿੰਘੋਂ ਕਾ ਆਗਾ ਲੀਆ ਕੁਛ ਥੋਰ ਸੇ ਹੀ ਅਰਸੇ ਮੈ ਭਾਗ ਗਏ। ਪਿਸ਼ੋਰ ਸੇ ਆਠ ਕੋਸ ਪਰੇ ਜਮਦਗਨੀ ਰਿਖੀ ਕੇ ਨਾਮ ਪਰ ਜਮ ਰੋਜ ਕੋ ਕਿਲੋ ਹੈ ਸੋ ਸਿੰਘੋਂ ਨੇ ਜਾਇ ਕਾਯਮ ਕੀਆ ਤਹਾਂ ਫੇਰ ਯੁਧ ਹੂਆ ॥

ਜਬ ਦੋਨੋਂ ਦਲੋਂ ਕੇ ਮੁਕਾਬਲੇ ਹੂਏ ਤਬ ਸਭ ਸੇ ਪਹਿਲੇ ਹਰੀ ਸਿੰਘ ਨਲੂਏ ਕੇ ਪੁਤ੍ਰ ਸਰਦਾਰ ਜਵਾਹਰ ਸਿੰਘ ਘੋੜਾ ਕੁਦਾਇਕੇ ਤੁਰਕੋਂ ਕੀ ਸੈਨਾ ਮੈ ਜਾਇ ਪਰਯੋ ਇਕੇਲੋ ਹੀ। ਤਹਾਂ ਕਈ ਤੁਰਕੋ ਕੇ ਸੀਸ ਝਾੜਕੇ ਕਿਤਨਯੋਂ ਕੋ ਜਖਮੀ ਕਰਕੇ ਪੁਨਾ ਅਪਨੀ ਸੈਨਾ ਮੈ ਆਇ ਜਾਤੇ ਭਯੇ। ਇਸੀ ਚਾਲ ਸੇ ਤੀਨ ਵਾਰ ਹਲਾ ਕਰ ਕਰਕੇ ਤੁਰਕੋਂ ਬਹੁਤਯੋਂ ਕੋ ਮਾਰਕੇ ਆਇ ਜਾਤੇ ਭਯੇ। ਸ੍ਰੀ ਗੁਰੂ ਸਾਹਿਬ ਸਿੰਘ ਜੀ ਨੇ ਅਕਾਲ ਬਖਸ਼ ਨਾਮ ਕਰਕੇ ਪ੍ਰਸਿਧ ਏਕ ਘੋੜੇ ਦੀਆ ਹੂਆ ਥਾ ਵੋ

ਘੋੜੇ ਜਵਾਹਰ ਸਿੰਘ ਨੀਚੇ ਕੇ ਥੇ ਬਡੇ ਬਲੀਂ ਬੀਸ ੨ ਹਾਥ ਕੀ ਛਾਲ ਮਾਰ ਜਾਵੇ । ਜਬ ਸਤਰੂ ਅਸਵਾਰ ਕੇ ਊਪਰ ਤਰਵਾਰ ਬਰਛੀ ਕੋ ਵਾਰ ਕਰੈ ਤਬ ਫੁਰਤੀ ਸੇ ਨੀਚੇ ਸੇ ਨਿਕਸ ਜਾਤੇ ਥੇ ਨਾਤੋ ਅਸਵਾਰ ਕੋ ਸ਼ਤਰੂ ਕੋ ਘਾਉ ਲਾਗਨੇ ਦੇਤੇ ਥੇ ਔ ਨ ਆਪ ਹੀ ਸ਼ਸਤ੍ਰ ਖਾਤੇ ਥੇ । ਦੋਨੋ ਦਲ ਅਸਵਾਰ ਔ ਘੋੜੇ ਕੀ ਫੁਰਤੀ ਦੇਖਕੇ ਬਡੇ ਪ੍ਰਸੰਨ ਔ ਆਸਚਰਜ ਕੋ ਪ੍ਰਾਪਤ ਹੋਤੇ ਭਏ ਔ ਵਾਹ ਘੋੜ ਵਾਹ ਜੁਆਨ ਐਸੇ ਹੀ ਕਹਤੇ ਰਹ ਗਏ ਹਾਥੋਂ ਸੇ ਕਿਸੀ ਸੇ ਕੁਛ ਬਨ ਨ ਸਕਯੋ ਕੇਵਲ ਵਾਹਾ ਹੀ ਵਾਹਾ ਰਹ ਗਈ । ਚੌਥੀ ਵਾਰ ਸਰਦਾਰ ਜਵਾਹਰ ਸਿੰਘ ਕੋ ਸਿੰਘੋਂ ਨੇ ਪਕੜ ਲੀਆ ਰਣ ਮੈ ਨ ਜਾਨੇ ਦੀਆ ਸਰਕਾਰ ਰਣਜੀਤ ਸਿੰਘ ਇਸ ਚਾਲ ਕੀ ਨਿਰਭੈਤਾ ਔ ਸੂਰਬੀਰਤਾ ਸ਼ਸਤ੍ਰ ਵਿਦਯਾ ਕੋ ਦੇਖਕੇ ਬਡੇ ਪ੍ਰਸੰਨ ਹੋਕੇ ਅਪਨੇ ਪਾਸ ਬੁਲਾਇਕੇ ਗੋਦਮੈ ਬਠਾਇਕੇ ਬਡੇ ਪ੍ਰੇਮ ਸੇ ਸਿਰ ਮੁਖ ਹਾਥੋ ਕੋ ਚੂੰਬਤੇ ਭਯੇ ਔ ਬਡੀ ਜਗੀਰ ਦੇਤੇ ਭਯੇ ਬਾਪ ਬੇਟੇ ਦੋਨੋ ਕੇ ਚਾਰ ਲਾਖ ਸੇ ਅਧਿਕ ਜਗੀਰ ਦੇਤੇ ਭਯੇ । ਜਬ ਪਿਸ਼ੌਰ ਨਾਮ ਪਰਸੁ ਰਾਮ ਕੇ ਸੈਹਰ ਦੇਸ ਕੋ ਸਾਰ ਕਰਕੇ ਪੁਨਾ ਰਣਜੀਤ ਸਿੰਘ ਲਾਹੌਰ ਮੈ ਆਇ ਗਯੇ ਤਬ ਅਕੋੜਾ ਔ ਤੋਰੂ ਪੀਰ ਤੁਰਕ ਕੇ ਤੀਨੋ ਨਗਰੋ ਕੋ ਸਰਦਾਰ ਜਵਾਹਰ ਸਿੰਘ ਨੇ ਅਪਨੇ ਕਬਜ਼ ਕਰਕੇ ਆਕੀ ਕਰ ਲੀਏ ਤਬ ਏਕ ਤੋਪ ਔ ਪਚੀਸ ਸਿੰਘ ਸਾਥ ਲੈਕੇ ਅਕੋੜੇ ਔਰ ਪੀਰ ਗ੍ਰਾਮ ਕੋ ਤੁਰਕੋ ਸੇ ਛੁਡਾਇ ਲੀਆ ਹਜ਼ਾਰੋ ਤੁਰਕੋ ਕੋ ਮਾਰਕੇ ਔ ਤੇਰਾ ਸਿੰਘ ਕੋ ਸਾਥ ਲੈਕੇ ਤੋਰੂ ਗ੍ਰਾਮ ਕੋ ਜਾ ਫਤੇ ਕੀਆ । ਇਸ ਪ੍ਰਕਾਰ ਸੇ ਸ੍ਰੀ ਗੁਰੂ ਸਾਹਿਬ ਸਿੰਘ ਜਹਾਂ ਜਹਾਂ ਤਹਾਂ ਸਿਖੋਂ ਕੀ ਸਹਾਯਤਾ ਕਰਤੇ ਰਹੇ ਹੈ । ਬਹੁਤ ਸਾਰ ਤੁਰਕ ਕਹੈ ਕੇ ਵੋ ਜੋ ਸਬਜ ਪੁਸ਼ਾਕ ਔ ਹਾਥ ਮੈ ਸਬਜ ਹੀ ਨੇਜਾ ਪਕੜੇ ਹੂਏ ਸਬਜ ਘੋੜੇ ਪੈ ਅਸਵਾਰ ਹੂਏ ੨ ਸੁਰਮਈ ਬਾਣੇ ਵਾਲ ਪ੍ਰਾਂਚ ਸਿੰਘ ਔਰ ਸਾਥ ਲੀਏ ਲੀਏ ਹੂਏ ਏਕ ਨਿਸਾਨਚੀ ਸਾਥ ਮੈ ਹੈ ਸੋ ਬਡੇ ਬੇਗ ਸੇ ਤੁਰਕੋ ਕੋ ਮਾਰਤੇ ਫਿਰਤੇ ਥੇ ਵੋ ਤੁਮਾਰੇ ਮੈ ਅਬ ਦਿਖਾਈ ਨਹੀਂ ਦੇਤੇ ਹੈ ਬਡੇ ਸੂਰਬੀਰ ਔ ਸੁੰਦਰ ਵੋ ਕਹਾਂ ਹੈ ਅਬ ਉਸ ਕੋ ਕੌਨ ਬਤਾਵੈ। ਜਬ ਸਿੰਘ ਅਪਨੀ ਧਰਮ ਮਿਰਜਾਦਾ ਮੈਂ ਕਾਯਮ ਥੇ ਔ ਬਾਂਟਿ ਕ੍ਰੇ ਖਾਤੇ ਥੇ । ਹੋਤਾ ਨਾ ਰਾਖੇ ਇਕੇਲਾ ਨ ਖਾਇ । ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ ॥ ਇਤੀ ॥ ਗੁਰੂ ਵਚਨਾਤ ॥ ਔ ਭਜਨ ਬੰਦਗੀ ਕਰਤੇ ਥੇ ਪਿਛਲੀ ਰਾਤ੍ਰੀ ਉਠਕੇ ਸੋਚ ਇਸਨਾਨ ਕਰਕੇ ਜਪਜੀ ਜਾਪਜੀ ਸੁਖਮਨੀ ਅਕਾਲ ਉਸਤਤਿ ਆਦਿਕ ਬਾਣੀ ਕਾ ਪਾਠ ਕਰਤ ਥੇ ਗਰੀਬ ਔਰ ਦੀਨ ਅਰ ਸਾਧੂ ਬ੍ਰਾਹਮਣ ਕਾ ਦੁਖ ਨਹੀਂ ਸਹਾਰਤੇ ਥੇ ਉਨਕੇ ਦੁਖ ਕੀ ਨਿਵ੍ਰਿਤੀ ਅਰਥ ਅਪਨੋ ਸੀਸ ਭੀ ਦੇ ਦੇਤੇ ਥੇ । ਬਿਗਾਨੀ ਇਸਤ੍ਰੀ ਕੋ ਮਾਤਾ ਔ ਬਹਨਕੇ ਸਮਾਨ ਜਾਨਤੇ ਥੇ । ਬਿਗਾਨੀ ਅੰਜ਼ ਕੋ ਬਿਖ ਕ਼ੇ ਬਰਾਬਰ ਜਾਨ ੇ ਥੇ । ਹਕ ਪਰਾਯਾ ਨਾਨਕਾ ਉਸ ਸੂਅਰ ਉਸ ਗਾਇ ॥ ਇਤੀ ਗੁਰੂ ਵਚਨਾਤ । ਜਬ ਇਸ ਪ੍ਰਕਾਰ ਉਪਾਸਨਾ ਗੁਰੂ ਜੀ ਕੀ ਭਗਤੀ ਮੈ ਦ੍ਰਿੜ ਭਰੋਸੇ ਰਖਤੇ ਥੇ ਮਨ ਕਰਕੇ ਤਨ ਕਰਕੇ ਧਨ ਕਰਕੇ ਸਾਧੂ ਬ੍ਰਾਹਮਣ ਗਰੀਬ ਆਦਿਕ ਕੀ ਪਾਲਨਾ ਕਰਤੇ ਥੇ ਤਬ ਇਨਕਾ ਤਪ ਤੇਜ ਬਲ ਥਾ ਤਬ ਗੁਰੂ ਭੀ ਸਿੰਘੋਂ ਕੀ ਸਹਾਯਤਾ ਕਰਤੇ ਥੇ । ਅਬ ਕੀ ਨਯਾਈ ਨਹੀ ਥੇ ਜੋ ਬਾਣੀ ਸ਼ਬਦ ਕੇ ਅਭਯਾਸ ਤੇ ਰਹਤ ਔ ਕਿਰਪਣ ਦੀਨ ਪਰਾਧੀਨ ਗੁਰੂ ਸੇ ਬੇਮੁਖ ਹੋ ਸ੍ਰੀ ਗੁਰੂ ਜੋ ਸ੍ਰਾਧ ਆਦਿਕ ਕਰਨੇ ਕੀ ਆਗਯਾਕਰੀ ਹੈ ਤਿਸਸੇ ਬੇਮੁਖ ਝੂਠ ਅਸਮਰਥ ਹੋਕੇ ਪੁਨਾ ॥

ਚਲਦਾ

# Nanac Shah, Founder of Sikh Religion

Lt.-Col. Sir John Malcolm

**Introduction**

When with the British army in the Penjab, in 1805, I endeavoure4 to collect materials that would throw light upon the history, manners, and religion of the Sikhs. Though this subject had been treated by several English writers, none of them had possessed opportunities of obtaining more than very general information regarding this extraordinary race; and their narratives therefore, though meriting regard, have served more to excite than to gratify curiosity.

In addition to the information I collected while the army continued within the territories of the Sikhs, and the personal observations I was able to make, during that period, upon the customs and manners of that nation, I succeeded with difficulty in obtaiuing a copy of the Adi Granth, and of some historical tracts, the most essential parts of which, when I returned to Calcutta, were explained to me by a Sikh priest of the Nirmala order whom I found equally intelligent and communicative and who spoke of the religion and ceremonies of his sect with less restraint than any of his bretheren whom I had met with in the Panjab. This slender stock of materials was subsequently much enriched by my friend Dr. Leyden, who has favoured me with a translation of several translation of several tracts written by Sikh authors in the Panjabi and Duggar dialects, treating of their history and religion; which though full of that warm imagery which marks all oriental works, and particularly those whose authors enter on the boundless field of Hindu mythology, contain the most valuable verifications of the different religious institutions of the Sikh nation.

It was my first intention to have endeavoured to add to these materials, and to have written, when I had leisure, a history of the Sikhs; but the active nature of my public duties has made it impossible to carry this plan into early execution, and I have had the choice of deferring it to a distant and uncertain period; or of giving from what I actually possessed, a short and hasty sketch of their history, customs and religion. The latter alternative I have adopted : for, although the information I may convey in such a sketch may be very defective, it will be useful at a moment when every information regarding the Sikhs is of importance; and it may, perhaps

stimulate and aid some person, who has more leisure and better opportunities, to accomplish that task which I once contemplated.

In composing this rapid sketch of the Sikhs, I haue still had to encounter various difficulties. There is no part of oriental biography in which it is more difficult to separate truth from falsehood, than that which relates to the history of religious impostors. The account of their lives is generally recorded, either by devoted disciples and ward adherents, or by violent enemies and bigotted persecutors. The former, from enthusiastic admiration, decorate them with every quality and accomp. lishment that can adorn men : the latter misrepresent their characters, and detract from all their merits and pretensions. This general remark I have found to apply with peculiar force to the varying accounts given, by Sikh and Muhammedan authors, of Nanac and his successors. As it would have been an endless and unprofitable task to have entered into a disquisition concerning all the points in which these authors differ, many considerations have induced me to give a preference, on almost all occasions, to the original Sikh writers. In every research into the general history of mankind, it is of the most essential importance to hear what a nation has to say of itself; and the knowledge obtained from such sources has a value, independent of its historical utility. It aids the promotion of social intercourse, and leads to the establishment of friendship between nations. The most savage states are those who have most prejudices and who are consequently most easily conciliated or offended : they are always pleased and flattered, when they find, that those whom they cannot but admit to possess superior intelligenee, are acquainted with their history, and respect their belief and usages : and, on the contrary, they hardly ever pardon an outrage against their religion or customs, though committed by men who have every right to plead the most profound ignorance, as an excuse for the words or actions that have provoked resentment.

**Nanac Shah**

Nanac Shah, the founder of the sect, since distinguished by the name of the Sikhs, was born in the year of Christ 1469, at a small village called Talwandi, in the district of Bhatti [Shekhupura[, in the province of Lahore. His father, whose name was Calu, was of the Cshatriya cast, and Vedi tribe of Hindus, and had no family except Nanac and his sister Nanaci, who married a Hindu of the name of Jayaram, that was employed as a grainfactor by Daulet Khan Lodi, a relation of the reigning emperor of Delhi. Nanac was agreeably to the usage of the tribe in which he was born, married to a woman of respectable family, at an early age by whom he had two sons, named Srichand and Lacshmi Das. The former, who abandoned the vanities of the world, had a son called Dherm Chaud; who founded the sect of Udasi;

and his descendants are yet known by the name of Nanac Putrah, or the children of Nanac. Lacshmi Das addicted himself to the pleasures of this world, and left neither heirs nor reputation.

Nanac is stated, by all Sikh writers, to have been, from his childhood inclined to devotion and the indifference which this feeling created towards all worldly concerns, appears to have been a source of continual uneasiness to his father; who endeavoured, by every effort, to divert his mind from the religious turn which it had taken. With a view to effect this object, he one day gave Nanac a sum of money, to purchase salt at one village, in ordsr to sell it at another; in the hope of enticing to him business, by allowing him to taste the sweets of commercial profit. Nanac was pleased with the scheme, took the money, and proceeded, accompanied by a servant of the name of Bala, of the tribe of Sand'hu towards the village where he was to make his purchase. He happened, however, on the road, to fall in with some Fakirs (holy mendicants), with whom he wished to commence a conversation; but they were so weak, from want of victuals, which they had not tasted for three days, that they could only reply to the observations of Nanac by bending their heads, and other civil signs of acquiescence. Nanac, affected by their situation, said to his companion, with emotion : "My father has sent me to deal in salt, with a view to profit, but the gain of this world is unstable, and profitless; my wish is to relieve these poor men, and to obtain that gain which is permanent and eternal." His companion replied : "The resolution is good : do not delay its execution." Nanac immediately distributed his money among the hungry Fakirs; who, after they had gained strength from the refreshment which It obtained them, entered into a long discourse with him on the unity of God, with which he was much delighted. He returned next day to his father, who demanded what profit he had made ? "I have fed the poor," said Nanac, "and have obtained that gain for you which will endure for ever." As the father happened to have little value for the species of wealth which the son had acquired, he was enraged at having his money so fruitlessly wasted, abused poor Nanac, and even struck him; nor could the mild representations of Nanaci save her brother from the violence of parental resentment. Fortune, however, according to the Sikh narrators of this anecdote of their teacher's early life, had raised him a powerful protector, who not only rescued him from punisment, but established his fame and respectability upon grounds that at once put him above all fear of future bad usage from his low-minded and sordid father. When Nanac was quite a youth and employed to tend cattle in the fields, he happened to repose himself one day under the shade of a tree; and, as the sun declined towards the west, its rays fell on his face, when a large black snake, advancing to the spot where he lay, raised itself

from the ground, and interposed its spread hood betw[illegible]ys. Ray Bolar the ruler of the district, was passing the road, near the place where Nanac slept, and marked, in silence, though not without reflection, this unequivocal sign of his future greatness. This chief overheard Calu punishing his son for his kindness to the Fakirs. He immediately entered, and demanded the cause of the uproar; and, when informed of the circumstance, he severely child Calu for his conduct, and interdicted him from ever again lifting his hand to Nanac, before whom, to the astonishment of all present, he humbled himself with every mark of the most profound veneration. Though Calu, from this event, was obliged to treat his son with more respect than formerly. he remained as solicitous as ever to death him from his religious habits, and to fix him in some wordly occupation; and he prevailed upon Jayram, his son-in-law, to admit him inio partnership in his business. Nanac, obliged to acquiesce in these schemes attended at the granary of Dault Khan Lodi, which was in charge of Jayram; but though his hands were employed in this work, and his kindness of manner made all the inhabitants of Sultanpur, where the granary was established, his friends, yet his heart never strayed for one moment from its object. It was incessantly fixed on the Divinity; and one morning, as he sat in a contemplative posture, a holy Muhammedan Fakir approached, and exclaimed : "Oh Nanac! upon what are thy thoughts now employed ? Quit such occupations, that thou mayest obtain the inheritance of eternal wealth." Nanac is said to have started up at this exclamation, and after looking for a moment in the face of the Fakir, he fell into a trance; from which he had no sooner recovered, than he immediately distributed every thing in the granary among the poor and, after this act, proceeded with loud shouts out of the gates of the city, and running into a pool of water, remained there three days; during which some writers assert he had an interview with the prophet Elias, termed by the Muhammedans, Khizzer, from whom he learnt all earthly sciences.

While Nanac remained in the pool, abstracted from all worldly considerations, holding converse with a prophet, poor Jayram was put in prison by Daulet Khan Lodi, on the charge of having dissipated his property. Nanac, however, returned, and told Daulet Khan that Jayram was faultless; that he was the object of punishment; and that, as such, he held himself ready to render the strictest account of all he had lost. The Khan accepted his proposal: Jayram's accounts were settled; and, to the surprise of all, a balance was found in his favour; on which he was not only released, but reinstated in the employment and favour of his master. We are told, by the Sikh authors, that these wonderful actions increased the fame of Nanac in a very great degree; and that he began, from this period, to practise all the austerities

of a holy man; and, by his frequent abstraction in the contemplation of the divine Being, and his abstience and virtue, he soon acquired great celebrity through all the countries into which he travelled.

There are many extravagant accounts regarding the travels of Nanac. One author, who treats of the great reform which he made in the worship of the true God, which he found degraded by the idolatry of the Hindus, and the ignorance of the Muhammedans, relates his journey to all the different Hindu places of pilgrimage, and to Mecca, the holy temple of the Muhammedans.

It would be tedious, and foreign to the purpose of this sketch, to accompany Nanac in his travels, of which the above-mentioned author, as well as others, has given the most circumstantial accounts. He was accompanied (agreeable to them) by a celebrated musician, of the name of Merdana, and a person named Bala Sandhu; and it is on the tradition of the latter of these disciples, that most of the miracles and wonders of his journies are related. In Bengal, the travellers had to encounter all kinds of sorcerers and magicians. Poor Merdana, who had some of the propensities of Sancho, and preferred warm houses and good meals to deserts and starvation, was constantly in trouble, and more than once had his from changed into that of a sheep, and of several other animals. Nanac, however, always restored his humble friend to the human shape, and as constantly read him lectures on his imprudence. It is stated, in one of those accounts that a Raja of Sivanab'hu endeavoured to tempt Nanac, by offering him all the luxuries of the world, to depart from his austere habits, but in vain. His presentt of rich meats splendid clothes, and fair ladies, only afforded the Sikh teacher so many opportunities of decrying the vanities of this world, and preaching to the Raja the blessings of eternal life; and he at last succeeded in making him a convert, and resided at Sivanab'hu two years and five months; during which period he composed the Pran Sancali, for the instruction of his followers. After Nanac had visited all the cities of India, and explained to all ranks the great doctrines of the unity and omnipresence of God, he went to Mecca and Medina, where his actions, his miracles, and his long disputations with the most celebrated Muhammedan saints and doctors, are most circumstantially recorded by his biographers. He is stated, on this occasion, to have maintained his own principles, without offending those of others; always professing himself the enemy of discord, and as having no object but to reconcile the two faiths of the Muhammedans and Hindus in one religion; which he endeavoured to do by recalling them to that great and original tenet, in which they both believed, the unity of God, and by reclaiming them from the numerous errors into which they had fallen. During his travels, Nanac was introduced to the emperor Baber, before whom he is said to have defended

his doctrine with great firmness and eloquence. Baber was pleased with him, and ordered an ample maintenance to be bestowed upon him; which the Sikh priest refused; observing, that he trusted in Him who provided for all men, and from whom alone a man of virtue and religion would consent to receive favour or reward. When Nanac returned from his travals, he cast off the garment of a Fakir, and wore plain clothes, but continued to give instructions to his numerous disciples; and he appears, at this period, to have experienced the most violent opposition from the Hindu zealots who reproached him with having laid aside the habits of a Fakir, and with with the impiety of the doctrines which he taught. These accusations he treated with great contempt; and an author, before cited, Bhai Guru Das Vali [Bhalla], states, that when he visited Vatala, he enraged the Yogiswaras so much, that they tried all their powers of enchantment to terrify him. "Some", says this writer, "assumed the shape of lions and tigers, others hissed like snakes, one fell in a shower of fire, and another tore the stars from the firmanent;" but Nanac remained tranquil : and when required to exhibit some proof of his powers that would astonish them, he replied : "I have nothing to exhibit worthy of you to behold. A holy teacher has no defence but the purity of his doctrine : the world may change, but the Creator is unchangeable." These words, adds the author, caused the miracles and enchantments of the Yogiswaras to cease, and they all fell at the feet of the humble Nanac, who was protected by the all-perfect God.

Nanac, according to the same authority, went from Vatala to Multan, where he communed with the Pirs, or holy fathers of the Muhammedan religion of that country. "I am come," said he, when he entered that province, "into a country full of Pirs, "like the sacred Ganga, visiting the ocean." From Multan he went to Kirtipur, where he threw off his earthly shape, and was burried near the bank of the river Ravee, which has since overflowed his tomb. Kirtipur [Kartarpur], now in Pakistan] continues a place of religious resort and worship; and a small piece of Nanac's garment is exhibited to pilgrims, as a sacred relic, at his Dharmasala, or temple (at Dera Baba Nanak].

It would be difficult to give the character of Nanac on the authority of any account we yet possess. His writings especially the first chapters of the Adi-Granth, will, if ever translated, be perhaps a criterion by which he may be fairly judged; but the great eminence which he obtained, and the success with which he combated the opposition which he met, afford ample reason to conclude that he was a man of more than common genius : and this favourable impression of his character will be confirmed by a consideration of the object of his life, and the means he took to accomplish it. Born in a province on the extreme verge of India, at the very point where the

religion of Muhammed and the idolatrous worship of the Hindus appeared to touch, and at a moment when both these tribes cherished the most violent rancour and animosity towards each other, his great aim was to blend those jarring elements in peaceful union, and he only endeavoured to effect this purpose through the means of mild persuasion. His wish was to recall both Muhammedans and Hindus to an exclusive attention to that sublimest of all 'principles, which inculcates devotion to God, and peace towards man. He had to combat the furious bigotry of the one, and the deeprooted superstition of the other; but he attempted to overcome all obstacles by the force of reason and hnmanity. And we cannot have a more convincing proof of the general character of that doctrine which he taught, and the inoffensive light in which it was viewed, than the knowledge that its success did not rouse the bigotry of the intolerant and tyrannical Muhammedan government under which he lived.

Nanac did not deem either of his sons, before mentioned, worthy of the succession to his spiritual functions,which he bequeathed to a Cshatriya of the Trehun tribe, called Lehana, who had long been attached to him, and whom he had initiated in the sacred mysteries of his sect, clothed in the holy mantle of a Fakir, and honoured with the name of Angad, which, according to some commentators, means own body.

# Account of the Shikhs—Nanuku

## W. Ward

The founder of this sect was Nanuku, a Hindoo of the Kshutriyu caste, born in the year 1469, at Rai-Bhoe-dee Tuluwundee, a village in the district of Majha, in the Punjab.

Sir John Malcolm has related a number of particulars respecting the life and travels of Nanuku, the substance of which is, that he discovered an early attachment to a devout life, which his father found it impossible to counteract: and at length became famous as a prophet: according to Bhaee-Gooroo-Vulee [Gurdas Bhalla], author of the Gnanu-Rutnavulee, [Bhagat Mala Bhagat Ratanavali, Var xi] a work

in the Sikh dialect, he travelled to all the sacred places of the Hindoos and Musulmans, and even to Mecca. In these journies, as the author is informed by a learned Sikh employed in the Serampore printing-office, he obtained many disciples, and at the time of his death, which happened when he was advanced in years, left not less than 100,000 persons in different countries who were attached to him as their religious guide.

Nanaku appears to have resembled Choitunyu, and many other Hindoos who have been celebrated for their attachment to forms of devotion, in preference to barren speculations and religious shews.

He maintained the doctrine of the divine unity, which, it is probable, he learned from the Musulman mendicants, with whom he was very familiar; further, that God dwells in the devout, and that this divine inhabitation renders the ascetic an object of reverence and even of worship; and that hence it became a duty to seek the society of devout mendicants. The other two points most insisted upon by him were, devout attachment to the deity, and a harmless behaviour towards all creatures.—To promote the spirit of devotion, Nanuku composed a number of sacred hymns in praise of the Deity, which have a place in the Adee-Grunthu, in which work repeating the names of God is enjoined on the Shikhs.

This reformer dealt very mildly with the two systems which he rejected, those of the Hindoos and Musulmans, and in consequence he left many customs indifferent: he however dissuaded his disciples from expecting any benefit from the worship of idols, and other ceremonies connected with the Hindoo mythology.

Nanuku had two sons, Shree-chundru and Lukshmee-dasu. His family now resides at Dehura, by the river Ravee, where Nanuku died; and from whence, as the Shikhs say, he ascended to heaven in his bodily state, his garments only being found after his death. His disciples took these garments, and burnt them instead of the body; but Sir John Malcolm says, that a small piece of one of his garments is still exhibited at the temple dedicated to this mendicant at Dehura, where the objects of worship are the Shikh shastrus. Images of Nanuku are never made; though paintings of him are to be seen in many places.

Nanuku, before his death, passing by his own relations, appointed Unguda [Angad], a favourite disciple, to succeed him.

# ਸੰਪ੍ਰਦਾਇਕ ਸਮਾਚਾਰ

## ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ ਨਸ਼ੀਨ ਵਲੋਂ

## ਪਿਤਾ ਪੁਰਖੀ ਨਾਨਕ ਸ਼ਾਹੀ ਧਰਮ ਪ੍ਰਚਾਰ ਦੇ ਪਰੋਗਰਾਮ

"ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥"

# ਅਖੰਡ ਪਾਠਾਂ ਦਾ ਪਰੋਗਰਾਮ

੨ ਸਤੰਬਰ ੧੯੭੩—ਮੈਸ. ਮਦਨ ਲਾਲ ਮਨਿੰਦਰ ਸਿੰਘ ਜੀ ਦੀ ਦੁਕਾਨ ਹੁਸ਼ਿਆਰਪੁਰ ਗ਼ਲਾ ਮੰਡੀ ਵਿਖੇ ੩੧ ਅਗਸਤ ਨੂੰ ਅਖੰਡ ਪਾਠ ਰਖ ਕੇ ੨ ਸਤੰਬਰ ਨੂੰ ਭੋਗ ਪਿਆ। ਅਨੇਕਾਂ ਸੰਗਤਾਂ ਇਕੱਤਰ ਹੋਈਆਂ ਤੇ ਬਾਬਾ ਜੀ ਨੇ ਗੁਰੂ ਨਾਨਕ ਪਾਤਸ਼ਾਹ ਕੇ ਚਰਨ ਨਾਲ ਜੋੜਿਆ !

੭ ਸਤੰਬਰ ੧੯੭੩—ਮਨਸੂਰਾਂ ਦਮਦਮਾ ਅਸਥਾਨ ਵਿਖੇ ਅਖੰਡ ਪਾਠ (੧) ਸ: ਧਿਆਨ ਸਿੰਘ ਪਿੰਡ ਬਿਲਗਾ ਜ਼ਿਲਾ ਜਲੰਧਰ ਤੇ (੨) ਸ: ਹਰਦੀਪ ਸਿੰਘ, ਸ: ਕੇਸਰ ਸਿੰਘ ਗਿਲ ਜ਼ਿਲਾ ਲੁਧਿਆਣਾ। (੩) ਸਰਬੱਤ ਸੰਗਤ ਨਗਰ ਕਾਕੋਆਲ ਵਲੋਂ ਰਖ ਦੇ ਦੀਵਾਨ ਸਜੇ, ਅਤੁਟ ਲੰਗਰ ਵਰਤੇ।

੯ ਸਤੰਬਰ ੧੯੭੩ - ਊਨਾ ਸਾਹਿਬ ਵਿਖੇ ਅਖੰਡ ਪਾਠ ਦਾ ਭੋਗ ਪਵਾ ਬੜੀ ਧੂਮ ਧਾਮ ਨਾਲ ਟਿਕਾ ਸੂਬਜੋਭ ਸਿੰਘ ਜੀ ਬੇਦੀ ਤੇ ਸ੍ਰੀ ਹਜ਼ੂਰ ਦਾ ਜਨਮ ਦਿਨ ਮਨਾਇਆ ਗਿਆ।

੨੦ ਸਤੰਬਰ ੧੯੭੩—ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ ਮਹਿਤਾ (ਸ੍ਰੀ ਅੰਮ੍ਰਿਤਸਰ) ਵਾਲੇ ੧੫ ਤਾਰੀਖ ਤੋਂ ਇਸ ਇਲਾਕੇ ਵਿਚ ਦੀਵਾਨ ਸਜਾ ਗੁਰਸਿਖਾਂ ਨੂੰ ਤਿਆਰ ਬਰ ਤਿਆਰ ਕਰ ਰਹੇ ਸਨ ਤਦ ਆਪ ੨੦ ਤਾਰੀਖ ਦਮਦਮਾ ਅਸਥਾਨ ਤੇ ਪੁਜੇ। ਆਪ ਦੀ ਆਮਦ ਤੇ ਬੜੀ ਧੂਮ ਧਾਮ ਨਾਲ ਸੁਆਗਤ ਕੀਤਾ ਗਿਆ ਤੇ ਯੋਗ ਵਿਦਾਇਗੀ ਦੇਕੇ ਵਿਦਾ ਕੀਤੇ ਗਏ। ਆਪ ਗੁਵਾਲੀਅਰ ਚਲੇ ਗਏ ਤੇ ਬਚਨ ਕੀਤਾ ਫੇਰ ਇਕ ਮਹੀਨਾ ਆ ਕੇ ਮਨਸੂਰਾਂ ਨਗਰ ਵਿਚ ਰਹਾਂਗੇ ਤੇ ਅੰਮ੍ਰਿਤ ਪ੍ਰਚਾਰ ਤੇ ਪ੍ਰਚਾਰ ਗੁਰੂ ਨਾਨਕ ਪਾਤਸ਼ਾਹ ਦਾ ਹੜ ਵਗਾਉਣਗੇ। ਤਾਂ ਜੋ ਆਂਢ ਗੁਆਂਢੀ ਨਗਰਾਂ ਵਿਚ ਗੁਰਸਿਖ ਪੂਰਨ ਸਿੰਘ ਸਜ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

੨੦ ਤੋਂ ੨੫ ਸਤੰਬਰ ੧੯੭੩—ਸ੍ਰੀ ਮਾਨ ਸੰਤ ਬਾਵਾ ਚਰਨ ਦਾਸ ਜੀ ਉਦਾਸੀਨ ਸੰਪਰਦਾਇ ਖੁਡ ਮਹੱਲਾ ਲੁਧਿਆਣੇ ਹਰ ਦੋ ਵਕਤ ਅਣਗਿਣਤ ਸੰਗਤਾਂ ਵਿਚ ਦੀਵਾਨ ਹੋਏ। ਬਾਬਾ ਜੀ ਨੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਲੜ ਲਗੇ ਰਹਿਣ ਦੀ ਚੇਤਾਵਨੀ ਦਿਤੀ ਅਤੇ ਆਖਿਆ ਪਾਖੰਡੀਆਂ ਤੋਂ ਬਚੋ, ਸੰਗਤ ਵਿਚਾਰਵਾਨ ਬਣ ਗਈ ਤਾਂ ਪਾਖੰਡੀ ਆਪੇ ਹੀ ਖਤਮ ਹੋ ਜਾਣਗੇ। ਹੋਰ ਰਾਗੀ, ਢਾਢੀ, ਪ੍ਰਚਾਰਕ ਤੇ ਬਾਬਾ ਜੀ ਨੇ ਆਪ ਇਸ ਸਮੇਂ ਦੀ ਜ਼ੋਰਦਾਰ ਸ਼ਬਦਾਂ ਵਿਚ ਮੰਗ ਕੀਤੀ।

੨੮-੨੯-੩੦ ਸਤੰਬਰ—ਦੋ ਅਖੰਡ ਪਾਠ ਜਲੰਧਰ ਸ਼ਹਿਰ ਵਿਚ ਰਖਵਾ ਭੋਗ ਪਵਾਏ :—

(ੳ) ਸ: ਗੁਰਬਚਨ ਸਿੰਘ ਜੀ ਓਰੀਅੰਟਲ ਆਟੋ ਵਰਕਸ, ਸੋਢਲ।

(ਅ) ਸ: ਮਹਿੰਦਰ ਸਿੰਘ ਪ੍ਰੀਤ ਨਗਰ ਜਲੰਧਰ।

ਬੇਅੰਤ ਸੰਗਤਾਂ ਇਕੱਤਰ ਹੋਈਆਂ ਤੇ ਸੰਗਤਾਂ ਨੂੰ ਬਾਬਾ ਜੀ ਨੇ ਉਪਦੇਸ਼ ਕੀਤਾ। ਗੁਰੂ ਨਾਨਕ ਪਾਤਸ਼ਾਹ ਦੀ ਪ੍ਰਸੰਨਤਾ ਸਿਮਰਨ ਵਿਚ ਹੈ, ਸੋ ਗੁਰਮੰਤ੍ਰ ਦਾ ਅਭਿਆਸ ਕਰਿਆ ਕਰੋ ਤਾਂ

ਘਰ ਸੁਖ ਵਸਿਆ, ਬਾਹਰ ਸੁਖ ਪਾਇਆ।
ਕਹੁ ਨਾਨਕ ਗੁਰ ਮੰਤ੍ਰ ਦ੍ਰਿੜਾਇਆ।

ਗੁਰੂ ਨਾਨਕ ਪਾਤਸ਼ਾਹ ਸਾਡੇ ਸਤਿਗੁਰੂ ਹਨ ਤੇ ਆਪ ਦੀ ਦਾਤ ਗੁਰਮੰਤ੍ਰ ਹੀ ਜਪੋ ਤੇ ਮਨ-ਘੜਤ ਗੁਰਮੰਤ੍ਰਾਂ ਤੋਂ ਬਚੋ।

੩-੪ ਅਕਤੂਬਰ—ਐਤਿਆਨੇ ਨਗਰ ਵਿਖੇ ਸੈਂਕੜੇ ਸੰਗਤਾਂ ਦੇ ਇਕੱਠਾਂ ਵਿਚ ਦੋਵੇਂ ਦਿਨ ਬਾਬਾ ਜੀ ਨੇ ਪੁਰਾਣੀ ਰਹੁ-ਰੀਤੀ ਨੂੰ ਮੁਖ ਰਖਦਿਆਂ ਹੋਇਆਂ ਦੀਵਾਨ ਸਜਾਏ ਤੇ ਪ੍ਰਚਾਰ ਗੁਰੂ ਨਾਨਕ ਪਾਤਸ਼ਾਹ ਦਾ ਕੀਤਾ। ਆਪ ਦੀ ਸੇਵਾ ਵਿਚ ਸਾਰਾ ਨਗਰ ਤਤਪਰ ਰਿਹਾ ਤੇ ਗੁਰ-ਮੰਤਰ ਗੁਰੂ ਨਾਨਕ ਪਾਤਸ਼ਾਹ ਚੀ ਪ੍ਰਾਪਤੀ ਕਰ ਬਚਨ ਕੀਤਾ, ਨਕਲੀ ਗੁਰੂਆਂ ਨੂੰ ਛਡ ਸਚੇ ਪਾਤਸ਼ਾਹ ਨਾਲ ਸਦਾ ਜੁੜਾਂਗੇ।

੩ ਅਕਤੂਬਰ—ਸ: ਗੁਰਬਖਸ਼ ਸਿੰਘ ਜੀ ਢੋਲੇਵਾਲ ਦੀ ਹਮਸ਼ੀਰਾ ਦੀ ਸ਼ਾਦੀ ਸਮੇਂ ਉਨ੍ਹਾਂ ਦੇ ਗ੍ਰਹਿ ਬਾਬਾ ਆਪ ਸ਼ਾਮਲ ਹੋਏ ਤੇ ਵਿਵਾਹ ਅਨੰਦ ਕਾਰਜ ਕਰਵਾਇਆ ਤੇ ਉਪਦੇਸ਼ ਗੁਰੂ ਨਾਨਕ ਦਾ ਬਖਸ਼ਿਆ—

ਆਪ ਗਵਾਈਐ ਤਾਂ ਸਹੁ ਪਾਈਐ ॥
ਅਵਰ ਕੈਸੀ ਚਤੁਰਾਈ ॥

ਆਪਣਾ ਆਪ ਮਿਟਾ ਪਤੀ ਤੇ ਪਤੀ ਦੇ ਪਿਤਾ ਮਾਤਾ ਦੀ ਸੇਵਾ ਕਰੋ, ਬੱਚੀ, ਗੁਰੂ ਨਾਨਕ ਪਾਤਸ਼ਾਹ ਸਦਾ ਅੰਗ ਸੰਗ ਹੋਣਗੇ।

੫-੬-੭ ਅਕਤੂਬਰ—ਦਸਵੀਂ ਦਮਦਮਾ ਅਸਥਾਨ ਮਨਸੂਰਾਂ ਵਿਖੇ ਅਰੰਭ ਅਖੰਡ ਪਾਠ ਰਖਵਾ ਮਨਾਈ ਗਈ—

(੧) ਸ: ਸਤਿਨਾਮ ਸਿੰਘ ਰਾਵਲਾ, ਜਗਰਾਓਂ ।
(੨) ਸ: ਬਿਸ਼ਨ ਸਿੰਘ ਗਿਲ ਰੋਡ, ਲੁਧਿਆਣਾ ।
(੩) ਸ: ਸੰਤੋਖ ਸਿੰਘ, ਇੰਡਸਟਰੀਅਲ ਏਰੀਆ ਢੋਲੇਵਾਲ, ਲੁਧਿਆਣਾ ।
(੪) ਸ: ਸੰਪੂਰਨ ਸਿੰਘ ਗੋਬਿੰਦ ਗੜ੍ਹ, ਜ਼ਿਲਾ ਸੰਗਰੂਰ ।
(੫) ਬੀਬੀ ਹਰਬੰਸ ਕੌਰ ਸਪੁਤਰੀ ਨੰਬਰਦਾਰ ਸੰਤਾ ਸਿੰਘ ਜੀ ਮਨਸੂਰਾਂ ।
(੬) ਸੂਬੇਦਾਰ ਹਰਚੰਦ ਸਿੰਘ ਜੀ ਪਿੰਡ ਗਹੁਆਲ, ਜ਼ਿਲਾ ਲੁਧਿਆਣਾ ।
ਹਰ ਦੋ ਵਕਤ ਦੀਵਾਨ ਸਜੇ ਤੇ ਗੁਰੂ ਕਾ ਲੰਗਰ ਅਟੁਟ ਵਰਤਿਆ ।

੮-੯-੧੦ ਅਕਤੂਬਰ—ਸ: ਸਰਦਾਰ ਸਿੰਘ ਜੀ ਦੇ ਪਰਵਾਰ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਰਖਵਾ ੩ ਦਿਨ ਬੰਪਾ ਰਾਏ ਨਗਰ ਵਿਖੇ ਗੁਰਮਤ ਪ੍ਰਚਾਰ ਹੋਇਆ ਤੇ ਅਨੇਕਾਂ ਸੰਗਤਾਂ ਲਾਭ ਉਠਾਇਆ । ਸ: ਸਰਦਾਰ ਸਿੰਘ ਜੀ ਵਲੋਂ ਅਤੁੱਟ ਲੰਗਰ ਵਰਤਦਾ ਰਿਹਾ ।

੧੨ ਅਕਤੂਬਰ–ਬਾਬਾ ਇੰਦਰ ਸਿੰਘ ਜੀ ਬੇਦੀ ਜੀ ਦੇ ਪ੍ਰਵਾਰ ਨੇ ਇਕੱਠੇ ਹੋ ਆਪਣੀ ਨਵੀਂ ਕੋਠੀ ਸਰਾਭਾ ਨਗਰ ਲੁਧਿਆਣੇ ਵਿਖੇ ਬਨਾਉਣੀ ਸ਼ੁਰੂ ਕੀਤੀ । ਸਤਿਗੁਰੂ ਨਾਨਕ ਪਾਤਸ਼ਾਹ ਦੀ ਓਟ ਲੈ ਸ੍ਰੀ ਹਜ਼ੂਰ ਜੀ ਨੇ ਅਰਦਾਸਾ ਸੋਧਿਆ ਤੇ ੧੩ ਇੱਟਾਂ ਸੰਗਤਾਂ ਪਾਸੋਂ ਨੀਂਹ ਦੀਆਂ ਰਖਵਾਈਆਂ ਤੇ ਕਾਰਜ ਗੁਰਮੰਤ੍ਰ ਪੜ੍ਹਦਿਆਂ ਵਿਚ ਸ਼ੁਰੂ ਕੀਤਾ ਗਿਆ । ਗੁਰੂ ਦਾ ਪ੍ਰਸ਼ਾਦ ਖੁਲ੍ਹਾ ਵਰਤਾਇਆ ਗਿਆ । ਸਤਿਗੁਰੂ ਰਹਿਮਤ ਕਰਨ, ਇਸ ਕੋਠੀ ਵਿਚ ਫਲਦੇ ਫੁਲਦੇ ਰਹਿਣ ।

੧੪ ਅਕਤੂਬਰ—ਮੇਜਰ ਜਨਰਲ ਅਮਰੀਕ ਸਿੰਘ ਜੀ ਦੇ ਸਪੁਤਰ ਸ: ਕੁਲਜੀਤ ਸਿੰਘ ਦਾ ਵਿਵਾਹ ਸ੍ਰੀ ਮਾਨ ਬਾਬਾ ਖੇਮ ਸਿੰਘ ਜੀ ਦੇ ਪ੍ਰਵਾਰ ਵਿਚ ਬਾਬਾ ਜਸਵੰਤ ਸਿੰਘ ਜੀ ਦੀ ਪੋਤਰੀ ਨਾਲ ਸ੍ਰੀ ਹਜ਼ੂਰ ਨੇ ਆਪ ਸ਼ਾਮਲ ਹੋ ਅਨੰਦ ਕਾਰਜ ਦੀ ਰਸਮ ਕਰਵਾਈ ਤੇ ਪ੍ਰਵਾਰਾਂ ਦੀ ਪ੍ਰਸੰਨਤਾ ਲਈ ।

੨੩-੨੪-੨੫ ਅਕਤੂਬਰ—ਨਗਰ ਖਿਆਲਾਂ ਬਲੋਚਾਂ, ਤਹਿਸੀਲ ਜ਼ਿਲਾ ਹੁਸ਼ਿਆਰਪੁਰ ਵਿਖੇ ਸ੍ਰੀ ਹਜ਼ੂਰ ਬਾਬਾ ਦੇਵਇੰਦਰ ਸਿੰਘ ਜੀ ਦੇ ਅਸਥਾਨ ਤੇ ਸੰਗਤ ਵਲੋਂ ਅਖੰਡ ਪਾਠ ਰਖਵਾ ਦੀਵਾਲੀ ਵਾਲੇ ਦਿਨ ਭੋਗ ਪਵਾਇਆ ਤੇ ਉਪਦੇਸ਼ ਕੀਤਾ ਸਿਖੋ, ਇਹ ਜੋਤਾਂ ਤਾਂ ਦੁਨੀਆਂ ਦੀਆਂ ਨਿਤ ਜਲਦੀਆਂ ਹੀ ਰਹਿਣਗੀਆਂ, ਆਪਣੇ ਮਨ ਵਿਚ ਆਤਮਿਕ ਜੋਤ ਜਗਾਓ ਜਿਸ ਕਾਰਨ ਸਤਿਗੁਰੂ, ਅਕਾਲ ਪੁਰਖ ਦਰਸ਼ਨ ਦੇਣ ।

੨੬ ਅਕਤੂਬਰ—ਅਮਾਵਸ ਦਾ ਦੀਵਾਨ ਦੱਖਣੀ ਦੀ ਸਰਾਇ ਵਿਖੇ ਸੰਗਤ ਜਹਾਂਗੀਰ ਨਿਵਾਸੀਆਂ ਵਲੋਂ ਸਜਿਆ ਤੇ ਅਟੁਟ ਲੰਗਰ ਵਰਤਿਆ ।

੨੮-੨੯-੩੦ ਅਕਤੂਬਰ—੩ ਦਿਨ ਦੀਵਾਨ ਦਮਦਮਾ ਅਸਥਾਨ ਖੜੂਰ ਜ਼ਿਲਾ ਲੁਧਿਆਣੇ ਸਜੇ ਤੇ ਬੇਅੰਤ ਸੰਗਤਾਂ ਇਕੱਤਰ ਹੋਈਆਂ, ਬੜਾ ਭਾਰੀ ਜਲੂਸ ਨਿਕਲਿਆ ਤੇ ਭਾ: ਦਿਆ ਸਿੰਘ ਦਿਲਬਰ ਢਾਡੀ ਜਥੇ ਨੇ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕੀਤਾ ਤੇ ਬਾਬਾ ਜੀ ਨੇ ਪ੍ਰਚਾਰ ਗੁਰ ਨਾਨਕ ਦਾ ਕੀਤਾ ।

# ਜਨਮ ਦਿਵਸ

੩ ਸਤਬਰ ਨੂੰ ਜਨਮ ਦਿਵਸ ਸ੍ਰੀ ਟਿੱਕਾ ਸ੍ਰੁਬਜੋਤ ਸਿੰਘ ਜੀ ਦਾ ਨਿਯਤ ਸੀ ਛੇ ਆਪ ਸਤਿਗੁਰੂ ਦੀ ਕ੍ਰਿਪਾ ਨਾਲ ੨੪ ਸਾਲਾਂ ਦੇ ਤੇ ਦਾਸ ਦਾ ਜਨਮ ਦਿਹਾੜਾ ੯ ਸਤੰਬਰ ਨੂੰ ਸੀ ਤੇ ਦਾਸ ਨੇ ਸਤਿਗੁਰੂ ਦੀ ਰਹਿਮਤ ਨਾਲ ਇਸ ਜਗਤ ਵਿਚ ਪੂਰੇ ੫੨ ਸਾਲ ਕਰ ਲਏ ਹਨ। ਇਕੋ ਅਰਦਾਸ ਹੈ ਤੇ ਸੰਗਤ ਵੀ ਅਰਦਾਸ ਕਰੇ ਜੋ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਆਪਣੇ ਕਰਮੀ ਧਾਰਕਾਂ ਨੂੰ ਚਰਨਾਂ ਦੀ ਪ੍ਰੀਤੀ ਬਖਸ਼ਨ ਤੇ ਬਾਕੀ ਸੁਆਸ ਆਪ ਦੇ ਚਰਨਾਂ ਨਾਲ ਸੰਗਤ ਦੇ ਦਾਸ ਬਣ, ਸੇਵਾ ਕਰਦੇ ਹੋਏ ਨਿਭ ਜਾਣ। ਅਰਦਾਸ ਕਰੋ ਮੇਰੇ ਮਨੋਂ ਨਾ ਵਿਸਰੇ ਵਾਹਿਗੁਰੂ।

ਸਤਿਨਾਮ ਸ੍ਰੀ ਵਾਹਿਗੁਰੂ ॥

# ਗੁਰ–ਵੰਸਾਵਲੀ

## ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ | ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ | ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ | ਬਾਬਾ ਜਗਤ ਚੰਦ ਜੀ | ਬਾਬਾ ਹੰਸ ਰਾਜ ਜੀ | ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤਚੰਦ ਜੀ | ਬਾਬਾ ਪਹਾੜ ਚੰਦ ਜੀ | ਬਾਬਾ ਤਾਰਾਚੰਦ ਜੀ | ਬਾਬਾ ਫਤਹਿ ਚੰਦ ਜੀ | ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ | ਬਾਬਾ ਮਨਸਾ ਚੰਦ ਜੀ | ਬਾਬਾ ਆਸਾ ਚੰਦ ਜੀ | ਬਾਬਾ ਸੂਰਜ ਸਿੰਘ ਜੀ

ਬਾਬਾ ਨਿਹਾਲ ਚੰਦ ਜੀ | ਬਾਬਾ ਹਰਜਸ ਜੀ | ਬਾਬਾ ਦੀਪ ਚੰਦ ਜੀ | ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ | ਬਾਬਾ ਲੱਜਾਧਾਰੀ ਜੀ

ਬਾਬਾ ਕੁਇਰਸਿੰਘ ਜੀ | ਬਾਬਾ ਧਰਮਸਿੰਘ ਜੀ | ਬਾਬਾ ਅਜੀਤਸਿੰਘ ਜੀ | ਬਾਬਾ ਸਾਗਰਚੰਦ ਜੀ | ਬਾਬਾ ਅਵਤਾਰਚੰਦ ਜੀ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ | ਸ੍ਰੀ ਬਾਬਾ ਤੇਗ ਸਿੰਘ ਜੀ | ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ | ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ | ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧਸੂਦਨ ਸਿੰਘ ਜੀ
(ਵਰਤਮਾਨ ਗੱਦੀ ਨਸ਼ੀਨ)

ਟਿੱਕਾ ਸਰਬ ਜੋਤ ਸਿੰਘ ਜੀ

ਗੌਰਮਿੰਟ ਆਫ ਇੰਡੀਆ ਰਜਿਸਟ੍ਰਾਰ ਫ਼ਾਰ ਨਿਊਜ਼ ਪੇਪਰ ਆਰ. ਐਨ. 1050 1/70 ਰਜਿਸਟਰਡ ਨੰ: ਪੀ. 202

## ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

'ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥ 'ਆਰਾਧ ਏਕੰਕਾਰ ਸਾਚਾ ਨਿਤ ਦੇਇ ਚੜੈ ਸਵਾਇਆ' ॥

ਸਤਿਨਾਮ ਸ੍ਰੀ ੴ ਵਾਹਿਗੁਰੂ

ਧੰਨ ਗੁਰੂ ਨਾਨਕ

# ਧਾਰਮਿਕ ਦੀਵਾਨ

ਧੰਨ ਗੁਰੂ ਨਾਨਕ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਦੇ ਦਮਦਮੇ ਅਸਥਾਨਾਂ ਤੇ ਬੜੇ ਭਾਰੀ ਦੀਵਾਨ ਸਜਾਏ ਜਾਂਦੇ ਹਨ ਤੇ ਬੇਅੰਤ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਹਾਜ਼ਰੀ ਭਰ ਕੇ ਲਾਭ ਉਠਾਂਦੀਆਂ ਹਨ। ਸੋ, ਸੰਗਤਾ ਨੂੰ ਸੂਚਨਾ ਲਈ ਇਹ ਪੱਤਰ ਘਲਿਆ ਜਾਂਦਾ ਹੈ ਜੋ ਇਹ ਦੀਵਾਨ ਹੇਠ ਲਿਖੀਆਂ ਤਾਰੀਖ਼ਾਂ ਤੇ 1974 ਸਾਲ ਵਿਚ ਹੋਣਗੇ।

ਹਰ ਦਸਵੀਂ ਵਾਲੇ ਦਿਨ ਪਿੰਡ ਮਨਸੂਰਾਂ (ਜ਼ਿਲਾ ਲੁਧਿਆਣਾ) ਵਿਖੇ

| | | | |
|---|---|---|---|
| ਸ਼ੁਕਰਵਾਰ | 4 ਜਨਵਰੀ | ਐਤਵਾਰ | 28 ਜੁਲਾਈ |
| ਸਨਿਚਰਵਾਰ | 2 ਫਰਵਰੀ | ਮੰਗਲਵਾਰ | 27 ਅਗਸਤ |
| ਐਤਵਾਰ | 3 ਮਾਰਚ | ਵੀਰਵਾਰ | 26 ਸਤੰਬਰ |
| ਮੰਗਲਵਾਰ | 2 ਅਪ੍ਰੈਲ | ਸ਼ੁਕਰਵਾਰ | 25 ਅਕਤੂਬਰ |
| ਬੁਧਵਾਰ | 1 ਮਈ | ਐਤਵਾਰ | 24 ਨਵੰਬਰ |
| ਵੀਰਵਾਰ | 30 ਮਈ | ਮੰਗਲਵਾਰ | 24 ਦਸੰਬਰ |
| ਸਨਿਚਰਵਾਰ | 29 ਜੂਨ | | |

ਹਰ ਅਮਾਵਸ ਵਾਲੇ ਦਿਨ ਪਿੰਡ ਦਖਨੀ ਕੀ ਸਰਾਏ (ਜ਼ਿਲਾ ਜਲੰਧਰ) ਵਿਖੇ

| | | | |
|---|---|---|---|
| ਬੁਧਵਾਰ | 23 ਜਨਵਰੀ | ਸ਼ੁਕਰਵਾਰ | 19 ਜੁਲਾਈ |
| ਸ਼ੁਕਰਵਾਰ | 22 ਫਰਵਰੀ | ਸਨਿਚਰਵਾਰ | 17 ਅਗਸਤ |
| ਸਨਿਚਰਵਾਰ | 23 ਮਾਰਚ | ਸੋਮਵਾਰ | 16 ਸਤੰਬਰ |
| ਸੋਮਵਾਰ | 22 ਅਪ੍ਰੈਲ | ਮੰਗਲਵਾਰ | 15 ਅਕਤੂਬਰ |
| ਮੰਗਲਵਾਰ | 21 ਮਈ | ਬੁਧਵਾਰ | 13 ਨਵੰਬਰ |
| ਵੀਰਵਾਰ | 20 ਜੂਨ | ਸ਼ੁਕਰਵਾਰ | 13 ਦਸੰਬਰ |

ਇਹਨਾਂ ਦਿਹਾੜਿਆਂ ਤੇ ਅਖੰਡ ਪਾਠਾਂ ਦੇ ਭੋਗ (ਹਰ ਦਸਵੀਂ ਨੂੰ)11 ਵਜੇ ਪੈਂਦੇ ਹਨ,2 ਵਜੇ ਤਕ ਦੀਵਾਨ ਸਜਦੇ ਹਨ। ਗੁਰੂ ਦਾ ਲੰਗਰ ਅਤੁਟ ਵਰਤਦਾ ਹੈ। **ਮਨਸੂਰਾਂ ਪਿੰਡ, ਲੁਧਿਆਣਾ—ਪਖੋਵਾਲ ਵਾਲੀ ਪੱਕੀ ਸੜਕ ਉੱਤੇ ਹੈ। ਦਖਨੀ ਕੀ ਸਰਾਂ ਵਈਂ ਨਦੀ ਦੇ ਕੰਢੇ ਨਕੋਦਰ ਕਪੂਰਥਲੇ ਵਾਲੀ ਸੜਕ ਉੱਤੇ ਹੈ।**

ਵਲੋਂ— ਸਾਧ ਸੰਗਤ ਦਾ ਸੇਵਾਦਾਰ,

**ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ ਨਸ਼ੀਨ**

ਸੂਚਨਾ : ਹਰ ਪੂਰਨਮਾਸ਼ੀ ਅਤੇ ਅਮਾਵਸ ਦੀ ਰਾਤ ਦਾ ਦੀਵਾਨ ਨਗਰ ਮਨਸੂਰਾਂ ਵਿਖੇ ਹੁੰਦਾ ਹੈ।
ਹਰ ਅਸ਼ਟਮੀ ਦੀ ਰਾਤ ਦਾ ਦੀਵਾਨ ਨਗਰ ਜੋਧਾ ਵਿਖੇ ਹੁੰਦਾ ਹੈ।
ਹਰ ਅਕਾਦਸ਼ੀ ਦੀ ਸਵੇਰ ਦਾ ਦੀਵਾਨ ਨਗਰ ਖੰਡੂਰ ਵਿਖੇ ਹੁੰਦਾ ਹੈ।
ਸੰਗਤਾਂ ਇਨ੍ਹਾਂ ਧਾਰਮਿਕ ਦੀਵਾਨਾਂ ਵਿਚ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ।

2. ਇਮਾਰਤ ਮਨਸੂਰਾਂ—ਸੰਗਤਾਂ ਦੇ ਬਿਸਰਾਮ ਲਈ 32 ਕਮਰੇ ਤੇ ਸਰੋਵਰ ਅਕਾਸ਼ੀ ਬਣਾਏ ਜਾ ਚੁਕੇ ਹਨ ਤੇ ਹੋਰ ਕਮਰੇ ਬਣ ਰਹੇ ਹਨ। ਪਵਿੱਤਰ ਅੰਮ੍ਰਿਤ ਜਲ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਖੂਹ ਦਾ, ਜਿਸ ਨੂੰ ਦੇਹ ਅਰੋਗਤਾ ਦਾ ਵਰ ਹੈ, ਪਾਇਆ ਜਾਂਦਾ ਹੈ। ਹੁਣ ਚਾਰ-ਦੀਵਾਰੀ ਤੇ ਦਰਸ਼ਨੀ ਡਿਉੜੀ ਲਈ ਸਹੈਤਾ ਖੁਲ੍ਹੇ ਦਿਲ ਨਾਲ ਸੰਗਤਾਂ ਕਰਨ ਤਾਂ ਜੋ ਛੇਤੀ ਮੁਕੰਮਲ ਹੋ ਜਾਣ ਆਸ ਹੈ ਦਾਸ ਦੀ ਬੇਨਤੀ ਪ੍ਰਵਾਨ ਕਰੋਗੇ।
3. ਜਿਨ੍ਹਾਂ ਸੱਜਣਾਂ ਨੇ ਦਸਵੀਂ ਵਾਲੇ ਦਿਨ ਭੋਗ ਅਖੰਡ ਪਾਠ ਦੇ ਰਖਵਾਣੇ ਹੋਣ, ਉਹ ਪਹਿਲਾਂ ਪਤਾ ਦੇਣ ਦੀ ਕ੍ਰਿਪਾਲਤਾ ਕਰਨ।
4. ਸਾਲਾਨਾ ਸਮਾਗਮ ਜੋਤੀ ਜੋਤਿ ਸ੍ਰੀ ਹਜ਼ਰ ਬਾਬਾ ਸਾਹਿਬ ਸਿੰਘ ਜੀ 16 ਜੂਨ 1974 ਐਤਵਾਰ ਨੂੰ ਮਨਸੂਰਾਂ ਵਿਖੇ ਮਨਾਇਆ ਜਾਵੇਗਾ, 14 ਜੂਨ ਨੂੰ ਜਲੂਸ ਨਿਕਲੇਗਾ, ਜੋਧਾਂ ਨਗਰ ਵਿਖੇ ਤੇ 15 ਜੂਨ ਮਨਸੂਰਾਂ ਵਿਖੇ।
5. ਗੁਰਪੁਰਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ 26, 27, 28 ਮਾਰਚ 1974 ਮੰਗਲਵਾਰ, ਬੁਧਵਾਰ ਤੇ ਵੀਰਵਾਰ ਨੂੰ ਮਨਾਇਆ ਜਾਵੇਗਾ। ਜਲੂਸ ਬੁਧਵਾਰ 27 ਤਾਰੀਖ ਹੋਵੇਗਾ।
6. ਗੁਰਪੁਰਬ ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ 15 ਤੋਂ 25 ਅਗਸਤ ਤਕ ਹੋਵੇਗਾ। 25 ਨੂੰ ਭੋਗ, ਜਗ ਤੇ ਨਿਤ ਦੀਵਾਨ ਮੰਜੀ ਸਾਹਿਬ ਹੋਣਗੇ। ਗੁਰੂ ਰਾਮ ਦਾਸ ਪਾਤਸ਼ਾਹ ਦੇ ਸੇਵਾਦਾਰਾਂ ਦਾ ਭੰਡਾਰਾ 24 ਤਾਰੀਖ ਦੁਪਹਿਰ ਨੂੰ ਹੋਵੇਗਾ।
7. ਸ੍ਰੀ ਮਾਨ ਸੰਤ ਨੰਦ ਸਿੰਘ ਜੀ ਦੀ ਬਰਸੀ 26, 27, 28 ਅਗਸਤ 1974 ਨੂੰ ਨਾਨਕ ਸਰ ਪੁਜ ਮਨਾਈ ਜਾਵੇਗੀ ਤੇ ਬੌਲੀ ਸਾਹਿਬ ਅਸਥਾਨ ਤੇ ਹਰ ਸਾਲ ਵਾਂਗੂ ਅਤੁਟ ਗੁਰੂ ਕਾ ਲੰਗਰ ਚਲੇਗਾ।
8. ਹੋਲਾ ਮਹਲਾ ਊਨਾ ਸਾਹਿਬ ਵਿਖੇ 8 ਮਾਰਚ 1974 ਨੂੰ ਨਿਕਲੇਗਾ।
9. 'ਅਜੂਨੀ' ਮਾਸਕ ਪੱਤਰ ਬੜੇ ਖਰਚੇ ਨਾਲ ਛਪ ਕੇ ਘਰ ਘਰ ਮੁਫਤ ਘਲਿਆ ਜਾਂਦਾ ਹੈ, ਜੋ ਆਸ਼ਰਮ ਤੇ ਬੋਝ ਹੈ। ਦਾਨੀ ਸਜਨ ਖੁਲ੍ਹੇ ਦਿਲ ਨਾਲ ਸਹਾਇਤਾ ਕਰਨ ਤਾਂ ਜੋ ਛਪਦਾ ਰਹੇ।